Rs.10/-

Excellence in Agri Info

KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

All Subject to Patiala Jurisdiction.

www.khetiduniyan.in

Editor : Jagpreet Singh • RNI/PUNPUN00806 • Issue Dated 20-09-2025 • Vol.43 No.38 • M. 90410-14575 • Page 16

E-mail : khetiduniyan1983@gmail.com



ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ

ਖੇਤੀ ਦੁਨੀਆਂ ਦੇ ਮੈਂਬਰ ਬਣੋ

ਇੱਕ ਸਾਲ ਲਈ 300/- ਰੁਪਏ

ਦੋ ਸਾਲ ਲਈ 500/- ਰੁਪਏ

ਚੰਦੇ ਭਰਨ ਲਈ QR ਕੋਡ ਸਕੈਨ ਕਰੋ।


# ਝੋਨੇ ਦੀ ਫ਼ਸਲ ’ਤੇ ਭੂਰੇ ਟਿੱਡੇ ਦੇ ਹਮਲੇ ਤੋਂ ਸੁਚੇਤ ਰਹਿਣ ਕਿਸਾਨ : ਮਾਹਿਰ



**• ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਕੀਤਾ ਸਰਵੇਖਣ**
**• ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੇ ਕੀਟਨਾਸ਼ਕਾਂ ਦੀ ਵਰਤੋਂ ਕਰੋ**

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਕੀਤੇ ਤਾਜ਼ੇ ਸਰਵੇਖਣ ਦੌਰਾਨ ਝੋਨੇ ਦੇ ਕੁਝ ਖੇਤਾਂ ਵਿੱਚ ਭੂਰੇ ਟਿੱਡੇ ਦਾ ਹਮਲਾ ਵੇਖਣ ਨੂੰ ਮਿਲ ਰਿਹਾ ਹੈ, ਜਿਸ ਲਈ ਕਿਸਾਨਾਂ ਨੂੰ ਸੁਚੇਤ ਰਹਿਣ ਦੀ ਲੋੜ ਹੈ। ਕੀਟ ਵਿਗਿਆਨ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਮੁਖੀ ਡਾ. ਮਨਮੀਤ ਕੌਰ ਭੁੱਲਰ ਨੇ ਦੱਸਿਆ ਕਿ ਇਸ ਕੀੜੇ ਦੇ ਬੱਚੇ ਤੇ ਬਾਲਗ ਬੂਟਿਆਂ ਦਾ ਰਸ ਚੂਸਦੇ ਹਨ। ਹਮਲੇ ਵਜੋਂ ਬੂਟੇ ਦੇ ਪੱਤੇ ਉਪਰਲੇ ਸਿਰਿਆਂ ਵੱਲੋਂ ਪੀਲੇ ਪੈਣੇ ਸ਼ੁਰੂ ਹੋ ਜਾਂਦੇ ਹਨ ਅਤੇ ਹੌਲੀ-ਹੌਲੀ ਸਾਰਾ ਬੂਟਾ ਹੀ ਸੁੱਕ ਕੇ



ਝੁਲਸ ਜਾਂਦਾ ਹੈ। ਕਈ ਵਾਰ ਹਮਲੇ ਵਾਲੇ ਪੱਤਿਆਂ ’ਤੇ ਕਾਲੀ ਉੱਲ੍ਹੀ ਵੀ ਲੱਗ ਜਾਂਦੀ ਹੈ। ਹਮਲੇ ਵਾਲੇ ਬੂਟੇ ਸੁੱਕਣ ਕਾਰਨ ਟਿੱਡੇ ਲਾਗਲੇ ਨਰੋਏ ਬੂਟਿਆਂ ’ਤੇ ਚਲੇ ਜਾਂਦੇ ਹਨ ਅਤੇ ਇਸ ਤਰ੍ਹਾਂ ਬੂਟੇ ਦੌਗੀਆਂ/ਧੌੜੀਆਂ ਵਿੱਚ ਸੁੱਕਣੇ ਸ਼ੁਰੂ ਹੋ ਜਾਂਦੇ ਹਨ।

ਹਮਲਾ ਵੱਧਣ ਨਾਲ ਇਨ੍ਹਾਂ ਦੌਗੀਆਂ/ਧੌੜੀਆਂ ਦੇ ਘੇਰਿਆਂ ਦੇ ਆਕਾਰ ਵੀ ਵੱਧਦੇ ਰਹਿੰਦੇ ਹਨ ਅਤੇ ਹੌਲੀ-ਹੌਲੀ ਸਾਰਾ ਖੇਤ ਹੀ ਹਮਲੇ ਹੇਠ ਆ ਜਾਂਦਾ ਹੈ। ਕਿਸਾਨਾਂ ਨੂੰ ਇਸ ਕੀੜੇ ਦੇ ਹਮਲੇ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਜਾਂਦੀ ਹੈ ਅਤੇ ਇਸ ਕੀੜੇ ਦੇ ਹਮਲੇ ਨੂੰ ਖੇਤਾਂ ਵਿੱਚ ਵੇਖਣ ਲਈ ਕਿਸਾਨ ਕੁਝ ਕੁ ਬੂਟਿਆਂ ਨੂੰ ਟੇਢੇ ਕਰਕੇ ਹੇਠਾਂ ਤੋਂ 2-3 ਵਾਰੀ ਝਾੜਨ ਅਤੇ ਜੇਕਰ ਪ੍ਰਤੀ ਬੂਟਾ 5 ਜਾਂ ਵੱਧ ਟਿੱਡੇ ਪਾਣੀ ’ਤੇ ਤਰਦੇ ਨਜ਼ਰ ਆਉਣ ਤਾਂ ਫ਼ਸਲ ’ਤੇ ਸਿਰਫ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਟਨਾਸ਼ਕਾਂ ਦੀ ਵਰਤੋਂ ਕਰਨ।

ਕਿਸਾਨ ਵੀਰ ਇਸ ਕੀੜੇ ਦੀ ਆਮਦ ਖੇਤਾਂ ਕੋਲ ਬੱਲਬ ਜਗ੍ਹਾ ਕੇ ਕਰ ਸਕਦੇ ਹਨ, ਕਿਉਕਿ ਇਹ ਕੀੜੇ ਲਾਈਟ ਵੱਲ ਬਹੁਤ ਆਕਰਸ਼ਿਤ/ਖਿੱਚੇ ਜਾਂਦੇ ਹਨ। ਇਸ ਦੀ ਰੋਕਥਾਮ ਲਈ ਕੁਝ ਕੁ ਬੂਟਿਆਂ ਨੂੰ ਟੇਢੇ ਕਰਕੇ 2-3 ਵਾਰ ਹਲਕਾ-ਹਲਕਾ ਥਾਪੜੋ/ਝਾੜੋ। ਜੇ 5 ਜਾਂ ਵੱਧ ਟਿੱਡੇ ਪ੍ਰਤੀ ਬੂਟਾ ਪਾਣੀ ਉੱਤੇ ਤੈਰਦੇ ਦਿਖਾਈ ਦੇਣ ਤਾਂ ਕਿਸੇ ਇੱਕ ਕੀਟਨਾਸ਼ਕ ਨੂੰ 100 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ।

ਬੂਟਿਆਂ ਦੇ ਟਿੱਡਿਆਂ ਦੀ ਰੋਕਥਾਮ ਲਈ ਸਿਫਾਰਿਸ਼ ਕੀਟਨਾਸ਼ਕ ਜ਼ਹਿਰ ਮਾਰਕਾ ਮਾਤਰਾ ਪ੍ਰਤੀ ਏਕੜ ਦੇ ਅਜ਼ੈਡੀਰੈਕਟਿਨ 5 ਫੀਸਦ, ਇਕੋਟਿਨ 80 ਮਿਲੀਲੀਟਰ, ਫਲੋਨਿਕਾਮਿਡ ਉਲਾਲਾ 50 ਡਬਲਯੂ. ਜੀ. 60 ਗ੍ਰਾਮ, ਟ੍ਰਾਈਫਲੂਮੀਜ਼ੋਪਾਇਰਮ ਪੈਕਸਾਲੋਨ 10 ਐਸ. ਸੀ. 94 ਮਿਲੀਲੀਟਰ, ਡਾਇਨੋਟੈਫੂਰਾਨ ਟੋਕਨ/ਓਸ਼ੀਨ/ਡੋਮਿਨੇਂਟ 20 ਐਸ. ਜੀ. 80 ਗ੍ਰਾਮ, ਪਾਈਮੈਟਰੋਜ਼ਿਨ ਚੈਸ 50 ਡਬਲਯੂ. ਜੀ. 120 ਗ੍ਰਾਮ, ਬੈਂਜ਼ਪਾਇਰੀਮੌਕਸਾਨ ਆਰਕੈਸਟਰਾ 10 ਐਸ. ਸੀ. 400 ਮਿਲੀਲੀਟਰ, ਫਲੂਪਾਇਰੀਮਿਨ ਇਮੇਜਿਨ/ਵਿਓਲਾ 10 ਐਸ. ਸੀ. 300 ਮਿਲੀਲੀਟਰ ਕੁਇਨਲਫਾਸ ਏਕਾਲਕਸ / ਕੁਇਨਗਾਰਡ / ਕੁਇਨਲਮਾਸ 25 ਈ. ਸੀ. 800 ਮਿਲੀਲੀਟਰ ਪਾਉ। ਮਾਹਿਰਾਂ ਵੱਲੋਂ ਦਿੱਤੀਆਂ ਚਿਤਾਵਨੀਆਂ ਅਨੁਸਾਰ ਛਿੜਕਾਅ ਕਰਨ ਵੇਲੇ ਪੰਪ ਦੇ ਫੁਹਾਰੇ ਦਾ ਰੁੱਖ ਬੂਟਿਆਂ ਦੇ ਮੁੱਢਾਂ ਵੱਲ ਰੱਖੋ, ਤਾਂ ਜੋ ਛਿੜਕਾਅ ਬੂਟਿਆਂ ਦੇ ਮੁੱਢਾਂ ’ਤੇ ਜ਼ਰੂਰ ਪਵੇ, ਜਿੱਥੇ ਇਹ ਕੀੜੇ ਵਧੇਰੇ ਹੁੰਦੇ ਹਨ। ਜੇ ਕੀੜੇ ਦਾ ਹਮਲਾ ਦੌਗੀਆਂ/ਧੌੜੀਆਂ ਵਿੱਚ ਹੋਵੇ ਤਾਂ ਕੀਟਨਾਸ਼ਕ ਦਾ ਛਿੜਕਾਅ ਸਾਰੇ ਖੇਤ ਦੀ ਬਜਾਏ ਅਜਿਹੀਆਂ ਦੌਗੀਆਂ/ਧੌੜੀਆਂ ਉੱਪਰ ਅਤੇ ਇਨ੍ਹਾਂ ਦੇ ਆਲੇ-ਦੁਆਲੇ 3-4 ਮੀਟਰ ਦੇ ਘੇਰੇ ਅੰਦਰ ਆਉਂਦੇ ਤੰਦਰੁਸਤ ਬੂਟਿਆਂ ’ਤੇ ਹੀ ਕਰੋ ਕਿਉਕਿ ਟਿੱਡਿਆਂ ਦੀ ਜ਼ਿਆਦਾ ਗਿਣਤੀ ਇਨ੍ਹਾਂ ਥਾਵਾਂ ’ਤੇ ਹੀ ਹੁੰਦੀ ਹੈ।


BEW

KSA

ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ

4 IN 1 COMBO

BEW ਸੁਪਰ ਸੀਡਰ



• ਲੋਨ ਉਪਲੱਬਧ
• ਸਬਸਿਡੀ ਉਪਲੱਬਧ
• ਬੁਕਿੰਗ ਸ਼ੁਰੂ
• ਪਾਉਡਰ ਕੋਟਿੰਗ ਪੇਂਟ
• ਪੇਟੇਂਟ ਡਿਜਾਇਨ

TOLL FREE NUMBER 1800-120-004455

• KS AGROTECH PVT. LTD.
• BHAGWAN ENGINNERING WORKS
• KS POWERTECH PVT. LTD.
• KS FARM CORPORATION PVT. LTD.

Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co


# ਕਿਸਾਨ ਮੇਲੇ



ਪੀ.ਏ.ਯੂ. ਕੈਂਪਸ, ਲੁਧਿਆਣਾ ਵਿਖੇ

**ਦੋ ਰੋਜ਼ਾ ਕਿਸਾਨ ਮੇਲਾ**

**26 ਤੇ 27 ਸਤੰਬਰ ਨੂੰ**

**ਖੇਤੀ ਦੁਨੀਆਂ ਦੇ ਸਟਾਲ ਨੰ.21 ’ਤੇ ਪਧਾਰੋ।**

**30 ਸਤੰਬਰ**

ਬਠਿੰਡਾ

# ਕਿਸਾਨ ਮੇਲਿਆਂ ਦੇ ਰੰਗ - ਸੁਧਰੇ ਬੀਜਾਂ ਦੇ ਸੰਗ

ਅਮਨਦੀਪ ਸਿੰਘ ਬਰਾੜ, ਗੌਰਵ ਖੋਸਲਾ ਅਤੇ ਦੀਪਕ ਅਰੋੜਾ,
ਦਫ਼ਤਰ ਨਿਰਦੇਸ਼ਕ (ਬੀਜ), ਪੀ. ਏ. ਯੂ., ਲੁਧਿਆਣਾ (ਮੋ. 81465-00942)



ਖੇਤੀਬਾੜੀ ਪੈਦਾਵਾਰ ਵਿੱਚ ਬੀਜ ਮੁੱਢਲੀ ਜ਼ਰੂਰਤ ਹੈ, ਜਿਸ ਦੀ ਗੁਣਵੱਤਾ ਦਾ ਫ਼ਸਲ ਦੇ ਝਾੜ ਅਤੇ ਗੁਣਵੱਤਾ ਤੇ ਸਿੱਧਾ ਅਸਰ ਪੈਂਦਾ ਹੈ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਫ਼ਸਲਾਂ ਅਤੇ ਸਬਜ਼ੀਆਂ ਦੀਆਂ ਵੱਖੋ-ਵੱਖ ਕਿਸਮਾਂ ਦੇ ਸੁਧਰੇ ਬੀਜ ਕਿਸਾਨਾਂ ਨੂੰ ਵਾਜਬ ਮੁੱਲ ਤੇ ਉਪਲੱਬਧ ਕਰਵਾਉਂਦੀ ਹੈ । ਇਹ ਬੀਜ ਕੇਂਦਰੀ ਬੀਜ ਪ੍ਰਮਾਣਿਤ ਸੰਸਥਾ ਦੁਆਰਾ ਮਿੱਥੇ ਗਏ ਮਾਪਦੰਡਾਂ ਦੇ ਅਧਾਰ ਤੇ ਪੈਦਾ ਕੀਤੇ ਜਾਂਦੇ ਹਨ, ਜਿਨ੍ਹਾਂ ਵਿੱਚ ਨਿਸ਼ਚਿਤ ਜੈਵਿਕ ਅਤੇ ਭੌਤਿਕ ਸ਼ੁੱਧਤਾ, ਉੱਗਣ ਸ਼ਕਤੀ, ਨਮੀ ਹੁੰਦੀ ਹੈ ਅਤੇ ਇਹ ਬਿਮਾਰੀਆਂ ਅਤੇ ਨਦੀਨਾਂ ਤੋਂ ਮੁਕਤ ਹੁੰਦੇ ਹਨ। ਬੀਜ ਉਤਪਾਦਨ ਤੋਂ ਲੈ ਕੇ ਬੀਜ ਦੀ ਸਫਾਈ, ਗ੍ਰੇਡਿੰਗ, ਪੈਕਿੰਗ ਆਦਿ ਗਤੀਵਿਧੀਆਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਬੀਜ ਮਾਹਿਰਾਂ ਦੁਆਰਾ ਪੰਜਾਬ ਰਾਜ ਬੀਜ ਪ੍ਰਮਾਣਨ ਸੰਸਥਾ ਦੀ ਦੇਖ-ਰੇਖ ਵਿੱਚ ਕੀਤੀਆਂ ਜਾਂਦੀਆਂ ਹਨ । ਬੀਜਾਂ ਦੀ ਸ਼ੁੱਧਤਾ, ਉੱਗਣ ਸ਼ਕਤੀ ਅਤੇ ਨਮੀ ਆਦਿ ਦੀ ਪਰਖ ਪੰਜਾਬ ਸਰਕਾਰ ਦੀ ਬੀਜ ਪਰਖ ਪ੍ਰਯੋਗਸ਼ਾਲਾ ਦੁਆਰਾ ਕੀਤੀ ਜਾਂਦੀ ਹੈ ਅਤੇ ਉੱਚ-ਗੁਣਵੱਤਾ ਵਾਲਾ ਬੀਜ ਹੀ ਬੀਜ ਦੀ ਸੋਧ, ਲੇਬਲਿੰਗ ਅਤੇ ਪੈਕਿੰਗ ਕਰਕੇ ਕਿਸਾਨਾਂ ਨੂੰ ਮੁਹੱਈਆ ਕਰਵਾਇਆ ਜਾਂਦਾ ਹੈ । ਬੀਜਾਂ ਦੇ ਥੈਲਿਆਂ ਉੱਪਰ ਬੀਜ ਦੀ ਸ਼੍ਰੇਣੀ, ਫ਼ਸਲ ਅਤੇ ਕਿਸਮ ਦਾ ਨਾਮ, ਪੈਕਿੰਗ ਦੀ ਮਿਤੀ, ਘੱਟੋ-ਘੱਟ ਉੱਗਣ ਸਮਰੱਥਾ ਆਦਿ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ । ਫ਼ਸਲਾਂ ਦੇ ਬੀਜਾਂ ਤੋਂ ਇਲਾਵਾ, ਇੱਕ ਛੋਟੇ ਪਰਿਵਾਰ ਦੀ ਦਾਲਾਂ ਅਤੇ ਤੇਲ ਦੀ ਘਰੇਲੂ ਜ਼ਰੂਰਤ ਨੂੰ ਪੂਰਾ ਕਰਨ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਦਾਲਾਂ ਅਤੇ ਤੇਲਬੀਜ ਕਿੱਟ ਤਿਆਰ ਕੀਤੀ ਗਈ ਹੈ ਜਿਸ ਵਿੱਚ ਛੋਲੇ, ਮਸਰ, ਗੋਭੀ ਸਰ੍ਹੋਂ ਅਤੇ ਅਲਸੀ ਦੇ ਬੀਜ ਹਨ । ਇਸ ਦੇ ਨਾਲ ਹੀ ਯੂਨੀਵਰਸਿਟੀ ਵੱਲੋਂ ਛੋਟੇ ਪਸ਼ੂ ਪਾਲਕਾਂ ਦੀ ਜ਼ਰੂਰਤ ਨੂੰ ਧਿਆਨ ਵਿੱਚ ਰੱਖ ਕੇ ਚਾਰੇ ਦੇ ਬੀਜਾਂ ਦੀ ਕਿੱਟ ਵੀ ਤਿਆਰ ਕੀਤੀ ਗਈ ਹੈ । ਇਸ ਕਿੱਟ ਵਿੱਚ ਬਰਸੀਮ, ਜਵ੍ਹੀਂ, ਰਾਈ ਘਾਹ ਅਤੇ ਤੋਰੀਏ ਦੇ ਬੀਜ ਹਨ । ਇਹ ਬੀਜ ਕਿਸਾਨਾਂ ਨੂੰ ਯੂਨੀਵਰਸਿਟੀ ਵੱਲੋਂ ਪੰਜਾਬ ਦੇ ਵੱਖ-ਵੱਖ ਕੇਂਦਰਾਂ ਉੱਪਰ ਲੱਗਦੇ ਮੇਲਿਆਂ ਤੋਂ ਇਲਾਵਾ ਪੀ ਏ ਯੂ ਦੀਆਂ ਬੀਜਾਂ ਦੀਆਂ ਦੁਕਾਨਾਂ, ਕ੍ਰਿਸ਼ੀ ਵਿਗਿਆਨ ਕੇਂਦਰਾਂ, ਫਾਰਮ ਸਲਾਹਕਾਰ ਸੇਵਾ ਕੇਂਦਰਾਂ, ਖੇਤੀ ਖੋਜ ਕੇਂਦਰਾਂ ਅਤੇ ਬੀਜ ਉਤਪਾਦਨ ਫਾਰਮਾਂ ਤੇ ਵੀ ਉਪਲੱਬਧ ਕਰਵਾਏ ਜਾਂਦੇ ਹਨ ।

ਫ਼ਸਲਾਂ ਦੇ ਬੀਜਾਂ ਤੋਂ ਇਲਾਵਾ ਬਗੀਚੀ ਲਈ ਸਰਦ ਰੁੱਤ ਦੀਆਂ ਸਬਜ਼ੀਆਂ ਦੀ ਕਿੱਟ ਅਤੇ ਸਰਦ ਰੁੱਤ ਲਈ ਸਬਜ਼ੀਆਂ ਦੇ ਬੀਜ ਵੀ ਇਹਨਾਂ ਕੇਂਦਰਾਂ ਤੋਂ ਮੁਹੱਈਆ ਕੀਤੇ ਜਾਣਗੇ । ਕਿਸਾਨ ਮੇਲਿਆਂ ਵਿੱਚ ਸਬਜ਼ੀਆਂ ਦੀ ਕਿੱਟ ਖਿੱਚ ਦਾ ਕੇਂਦਰ ਹੁੰਦੀ ਹੈ । ਇੱਕ ਕਿੱਟ ਵਿੱਚ ਸਰਦੀ ਰੁੱਤ ਦੀਆਂ ਦਸ ਸਬਜ਼ੀਆਂ ਦੇ ਬੀਜ ਹੁੰਦੇ ਹਨ ਜੋ ਕਿ 5-6 ਮੈਂਬਰਾਂ ਦੇ ਪਰਿਵਾਰ ਦੀ ਸਬਜ਼ੀਆਂ ਦੀ ਜ਼ਰੂਰਤ ਨੂੰ ਪੂਰਾ ਕਰਦੀ ਹੈ ।

ਕਿਸਾਨ ਮੇਲੇ ਦੌਰਾਨ ਖਰੀਦੇ ਬੀਜ ਨੂੰ ਆਮ ਤੌਰ ਤੇ ਇੱਕ ਡੇਢ ਮਹੀਨੇ ਲਈ ਸਟੋਰ ਕਰਨਾ ਪੈਂਦਾ ਹੈ । ਇਸ ਦੌਰਾਨ ਕਿਸੇ ਵੀ ਕਿਸਮ ਦੀ ਲਾਪਰਵਾਹੀ ਕਾਰਨ ਜਿਵੇਂ ਕਿ ਜ਼ਿਆਦਾ ਤਾਪਮਾਨ, ਮੀਂਹ ਅਤੇ ਨਮੀ ਦੇ ਬੁਰੇ ਪ੍ਰਭਾਵ, ਕੀੜੇ ਮਕੌੜਿਆਂ ਅਤੇ ਬਿਮਾਰੀਆਂ ਨਾਲ ਬੀਜਾਂ ਦਾ ਨੁਕਸਾਨ ਹੋ ਸਕਦਾ ਹੈ, ਜਿਸ ਕਾਰਨ ਫ਼ਸਲਾਂ ਦੇ ਸਹੀ ਝਾੜ ਅਤੇ ਨਤੀਜੇ ਪ੍ਰਾਪਤ ਨਹੀਂ ਕੀਤੇ ਜਾ ਸਕਦੇ । ਇਸ ਲਈ ਫ਼ਸਲਾਂ/ਸਬਜ਼ੀਆਂ ਦੀਆਂ ਕਿਸਮਾਂ ਤੋਂ ਸਹੀ ਝਾੜ ਤਾਂ ਹੀ ਲਿਆ ਜਾ ਸਕਦਾ ਹੈ ਜੇਕਰ ਬੀਜਾਂ ਨੂੰ ਖਰੀਦ ਤੋਂ ਲੈ ਕੇ ਬਿਜਾਈ ਤੱਕ ਚੰਗੀ ਤਰ੍ਹਾਂ ਸੰਭਾਲ ਕੇ ਰੱਖਿਆ ਜਾਵੇ । ਇਸ ਤੋਂ ਇਲਾਵਾ ਪੂਰਾ ਝਾੜ ਲੈਣ ਲਈ ਫ਼ਸਲਾਂ ਤੋਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀਆਂ ਸਿਫ਼ਾਰਿਸ਼ਾਂ ਅਨੁਸਾਰ ਹੀ ਬੀਜਿਆ ਜਾਣਾ ਚਾਹੀਦਾ ਹੈ । ਬਿਜਲੀ ਤੋਂ ਪਹਿਲਾਂ ਬੀਜਾਂ ਨੂੰ ਸਿਫ਼ਾਰਿਸ਼ ਕੀਤੇ ਉੱਲੀਨਾਸ਼ਕ ਅਤੇ ਕੀਟਨਾਸ਼ਕ ਦਵਾਈਆਂ ਨਾਲ ਸੋਧ ਲੈਣਾ

ਬਾਕੀ ਸਫ਼ਾ 6 'ਤੇ

ਸਾਰਨੀ 1 : ਵੱਖ-ਵੱਖ ਫ਼ਸਲਾਂ ਦੇ ਬੀਜਾਂ ਦੀ ਕੀਮਤ ਦਾ ਵੇਰਵਾ

| ਫ਼ਸਲ | ਕਿਸਮ | ਪੈਕਿੰਗ ਸਾਈਜ਼ (ਕਿਲੋ) | ਕੀਮਤ (ਰੁ:/ਪੈਕਿੰਗ) |
|---|---|---|---|
| ਕਣਕ (ਸਮੇਂ ਸਿਰ ਬਿਜਾਈ ਲਈ) | ਪੀ ਬੀ ਡਬਲਯੂ 872<br>ਪੀ ਬੀ ਡਬਲਯੂ 826<br>ਪੀ ਬੀ ਡਬਲਯੂ 824, ਸੁਨਹਿਰੀ (ਪੀ ਬੀ ਡਬਲਯੂ 766<br>ਪੀ ਬੀ ਡਬਲਯੂ 725<br>ਪੀ ਬੀ ਡਬਲਯੂ 677<br>ਪੀ ਬੀ ਡਬਲਯੂ 1 ਜ਼ਿੰਕ<br>ਪੀ ਬੀ ਡਬਲਯੂ ਜ਼ਿੰਕ 2<br>ਪੀ ਬੀ ਡਬਲਯੂ 869<br>ਪੀ ਬੀ ਡਬਲਯੂ 1 ਚਪਾਤੀ | 20, 40<br>20, 40<br><br><br><br><br><br><br>22.5, 45<br>10, 20 | 1250, 2500<br>800, 1600<br><br><br><br><br><br><br>800, 1600<br>600, 1200 |
| ਕਣਕ (ਪਛੇਤੀ ਬਿਜਾਈ ਲਈ) | ਪੀ ਬੀ ਡਬਲਯੂ 752<br>ਪੀ ਬੀ ਡਬਲਯੂ 771<br>ਪੀ ਬੀ ਡਬਲਯੂ 757 | 20, 40 | 800, 1600 |
| ਕਣਕ (ਬਰਾਨੀ ਹਾਲਤਾਂ ਵਿੱਚ ਬਿਜਾਈ ਲਈ) | ਪੀ ਬੀ ਡਬਲਯੂ 600 | 20, 40 | 800, 1600 |
| ਜੌਂ | ਪੀ ਐਲ 807<br>ਪੀ ਐਲ 891 (ਛਿਲਕਾ ਰਹਿਤ) | 5, 18<br>5, 10 | 150, 540<br>200, 400 |
| ਛੋਲੇ | ਪੀ ਬੀ ਜੀ 8<br>ਪੀ ਬੀ ਜੀ 10 | 2, 4<br>2, 5 | 300, 600<br>300, 750 |
| ਮਸਰ | ਐੱਲ ਐੱਲ 1373 | 2 | 250 |
| ਤੋਰੀਆ | ਟੀ ਐੱਲ 17 | 0.5, 1 | 100, 200 |
| ਰਾਇਆ ਸਰ੍ਹੋਂ | ਪੀ ਬੀ ਆਰ 357<br>ਆਰ ਐਲ ਬੀ 3 | 0.5, 1 | 100, 200 |
| ਗੋਭੀ ਸਰ੍ਹੋਂ | ਜੀ ਐੱਸ ਸੀ 7 | 0.4, 1 | 100, 250 |
| ਤਾਰਾਮੀਰਾ | ਟੀ ਐਮ ਐਲ ਸੀ 2 | 0.5, 1 | 100, 200 |
| ਅਲਸੀ | ਐਲ ਸੀ 2063 | 1 | 150 |
| ਬਰਸੀਮ | ਬੀ ਐਲ 10<br>ਬੀ ਐਲ 42<br>ਬੀ ਐਲ 44 | 2 | 700 |
| ਜਵੀ | ਓ ਐਲ 14<br>ਓ ਐਲ 15<br>ਓ ਐਲ 17<br>ਓ ਐਲ 16 | 5, 15, 25<br><br><br>5, 10 | 400,1200,2000<br><br><br>400, 800 |
| ਰਾਈ ਘਾਹ | ਪੀ ਬੀ ਆਰ ਜੀ 2<br>ਪੀ ਬੀ ਆਰ ਜੀ 1 | 1 | 300 |
| ਦਾਲਾਂ ਅਤੇ ਤੇਲਬੀਜ ਕਿੱਟ | ਛੋਲੇ - 0.40 ਕਿੱਲੋ<br>ਮਸਰ - 0.25 ਕਿੱਲੋ<br>ਗੋਭੀ ਸਰ੍ਹੋਂ - 0.20 ਕਿੱਲੋ<br>ਅਲਸੀ - 0.20 ਕਿੱਲੋ | 1 ਪੈਕਿੰਗ | 200 |
| ਹਾੜੀ ਦੇ ਚਾਰਿਆਂ ਦੇ ਬੀਜਾਂ ਦੀ ਕਿੱਟ | ਬਰਸੀਮ - 0.35 ਕਿੱਲੋ<br>ਜਵੀ - 0.80 ਕਿੱਲੋ<br>ਰਾਈ ਘਾਹ -<br>ਤੋਰੀਆ - 0.05 ਕਿੱਲੋ | 1 ਪੈਕਿੰਗ<br>0.20 ਕਿੱਲੋ | 300 |

ਸਾਰਨੀ 2 : ਵੱਖ-ਵੱਖ ਸਬਜ਼ੀਆਂ ਦੇ ਬੀਜਾਂ ਦੀ ਕੀਮਤ ਦਾ ਵੇਰਵਾ

| ਫ਼ਸਲ | ਕਿਸਮ | ਬੀਜ ਦੀ ਮਾਤਰਾ | ਕੀਮਤ (ਰੁ./ਕੀਮਤ) |
|---|---|---|---|
| ਬਰੌਕਲੀ | ਪਾਲਮ ਸਮਰਿਧੀ | 10 ਗਰਾਮ | 30 |
| | | 100 ਗਰਾਮ | 300 |
| ਗਾਜਰ | ਪੀਸੀ 161, ਪੰਜਾਬ ਬਲੈਕ ਬਿਊਟੀ | 80 ਗਰਾਮ | 100 |
| | ਪੰਜਾਬ ਰੌਸ਼ਨੀ, ਪੰਜਾਬ ਜਾਮੁਨੀ | 500 ਗਰਾਮ | 600 |
| ਚੀਨੀਂ ਸਰ੍ਹੋਂ | ਸਾਗ ਸਰ੍ਹੋਂ | 50 ਗਰਾਮ | 30 |
| ਧਨੀਆਂ | ਪੰਜਾਬ ਸੁਗੰਧ | 60 ਗਰਾਮ | 30 |
| | ਪੰਜਾਬ ਖੁਸ਼ਬੂ | 500 ਗਰਾਮ | 250 |
| ਮੇਥੀ | ਕਸੂਰੀ ਸੁਪਰੀਮ | 50 ਗਰਾਮ | 30 |
| | | 500 ਗਰਾਮ | 300 |
| ਪਿਆਜ਼ | ਪੀ ਆਰ ਓ 6, ਪੀ ਆਰ ਓ 7, | 100 ਗਰਾਮ | 200 |
| | ਪੰਜਾਬ ਨਰੋਆ | 500 ਗਰਾਮ | 1000 |
| ਪਾਲਕ | ਪੰਜਾਬ ਗਰੀਨ | 100 ਗਰਾਮ | 30 |
| | | 500 ਗਰਾਮ | 150 |
| ਮਟਰ | ਪੰਜਾਬ 89 | 500 ਗਰਾਮ | 75 |
| | ਮਟਰ ਅਗੇਤਾ-7 | 5 ਕਿਲੋਗਰਾਮ | 750 |
| | | 15 ਕਿਲੋਗਰਾਮ | 2250 |
| ਮੂਲੀ | ਪੰਜਾਬ ਸਫੈਦ ਮੂਲੀ 2 | 75 ਗਰਾਮ | 30 |
| | | 200 ਗਰਾਮ | 80 |
| ਟਮਾਟਰ | ਪੰਜਾਬ ਰੱਤਾ | 10 ਗਰਾਮ | 60 |
| | | 100 ਗਰਾਮ | 600 |
| ਸ਼ਲਗਮ | ਐਲ 1 | 50 ਗਰਾਮ | 30 |
| | | 100 ਗਰਾਮ | 60 |
| ਪੱਕ ਚੋਈ | ਪੰਜਾਬ ਪੱਕ ਚੋਈ 1 | 10 ਗਰਾਮ | 30 |
| | | 100 ਗਰਾਮ | 300 |
| ਫੁੱਲ ਗੋਭੀ | ਪੰਜਾਬ ਮੱਘਰੀ | 10 ਗਰਾਮ | 50 |
| ਬੈਂਗਨ | ਪੰਜਾਬ ਰੌਣਕ, ਪੰਜਾਬ ਭਰਪੂਰ | 10 ਗਰਾਮ | 40 |
| | | 25 ਗਰਾਮ | 100 |
| ਬੈਂਗਨ (ਹਾਈਬ੍ਰਿਡ) | ਪੀ ਬੀ ਐਚ 3, ਪੀ ਬੀ ਐਚ 4, ਪੀ ਬੀ ਐਚ 6, ਪੀ ਬੀ ਐਚ ਆਰ 41 | 10 ਗਰਾਮ | 100 |
| ਸਬਜ਼ੀਆਂ ਦੀ ਕਿੱਟ | ਸਰਦ ਰੁੱਤ ਦੀਆਂ ਸਬਜ਼ੀਆਂ | 1 ਨੰ: | 100 |

# ਨਿਰਯਾਤਯੋਗ ਬਾਸਮਤੀ ਦੀ ਪੈਦਾਵਾਰ ਲਈ ਸੂਝ ਨਾਲ ਕੀਟਨਾਸ਼ਕ/ਉੱਲੀਨਾਸ਼ਕ ਵਰਤੋਂ

**ਮਨਦੀਪ ਹੂੰਜਨ, ਅਮਰਜੀਤ ਸਿੰਘ ਅਤੇ ਕਮਲਜੀਤ ਸਿੰਘ ਸੂਰੀ**
ਪੌਦਾ ਰੋਗ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 97799-07040)



ਬਾਸਮਤੀ ਦੀ ਸਫਲ ਕਾਸ਼ਤ ਲਈ ਕੀੜੇ-ਮਕੌੜੇ ਅਤੇ ਬਿਮਾਰੀਆਂ ਮਹੱਤਵਪੂਰਨ ਚੁਣੌਤੀਆਂ ਪੈਦਾ ਕਰਦੇ ਹਨ । ਜੇਕਰ ਇਨ੍ਹਾਂ ਦੀ ਰੋਕਥਾਮ ਦੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧ ਨਾ ਕੀਤੇ ਜਾਣ ਤਾਂ ਅਕਸਰ ਇਸ ਦੇ ਝਾੜ ਅਤੇ ਗੁਣਵਤਾ ਵਿੱਚ ਕਾਫ਼ੀ ਨੁਕਸਾਨ ਹੋ ਜਾਂਦਾ ਹੈ । ਪੱਤਾ ਲਪੇਟ ਸੁੰਡੀ, ਗੋਭ ਦੀ ਸੁੰਡੀ ਅਤੇ ਬੂਟਿਆਂ ਦੇ ਟਿੱਡੇ (ਚਿੱਟੀ ਪਿੱਠ ਵਾਲੇ ਅਤੇ ਭੂਰੇ ਟਿੱਡੇ) ਬਾਸਮਤੀ ਦੀ ਫ਼ਸਲ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਖ ਕੀਤੇ ਅਤੇ ਬਿਮਾਰੀਆਂ ਵਿੱਚ ਝੰਡਾ ਰੋਗ, ਤਣੇ ਦੁਆਲੇ ਪੱਤੇ ਦਾ ਝੁਲਸ ਰੋਗ (ਸ਼ੀਥ ਬਲਾਈਟ) ਅਤੇ ਘੰਢੀ ਰੋਗ ਸਭ ਤੋਂ ਵੱਧ ਹਾਨੀਕਾਰਕ ਹਨ । ਬਾਸਮਤੀ ਦੀ ਫ਼ਸਲ ਤੇ ਝੰਡਾ ਰੋਗ ਦਾ ਹਮਲਾ ਪਹਿਲਾਂ ਪਨੀਰੀ ਵਿੱਚ ਅਤੇ ਫਿਰ ਖੇਤ ਵਿੱਚ ਪੌਦ ਲਗਾਉਣ ਤੋਂ ਬਾਅਦ ਫ਼ਸਲ ਦੇ ਨਿਸਰਣ ਤੱਕ ਨਜ਼ਰ ਆਉਂਦਾ ਰਹਿੰਦਾ ਹੈ । ਬੂਟੇ ਦੇ ਜਾਤ



ਮਾਰਨ ਤੋਂ ਲੈ ਕੇ ਦਾਣੇ ਬਣਨ ਤੱਕ ਸ਼ੀਥ ਬਲਾਈਟ ਦਾ ਹਮਲਾ ਪੌੜੀਆਂ ਵਿੱਚ ਨਜ਼ਰ ਆਉਂਦਾ ਹੈ ਜਦੋਂ ਕਿ ਘੰਢੀ ਰੋਗ ਦਾ ਹਮਲਾ ਨਿਸਾਰੇ ਸਮੇਂ ਦਿਖਾਈ ਦਿੰਦਾ ਹੈ । ਇਨ੍ਹਾਂ ਕੀੜਿਆਂ ਅਤੇ ਬਿਮਾਰੀਆਂ ਤੋਂ ਬਚਾਅ ਲਈ ਕਿਸਾਨ ਅਕਸਰ ਬੇਲੋੜੇ ਕੀਟਨਾਸ਼ਕਾਂ /ਉੱਲੀਨਾਸ਼ਕਾਂ ਦਾ ਗਲਤ ਸਮੇਂ ਤੇ ਛਿੜਕਾਅ ਕਰ ਲੈਂਦੇ ਹਨ ਜਿਸ ਕਾਰਣ ਇਨ੍ਹਾਂ ਰਸਾਇਣਾਂ ਦੀ ਰਹਿੰਦ-ਖੂੰਹਦ ਦਾਣਿਆਂ ਵਿੱਚ ਆ ਜਾਂਦਾ ਹੈ । ਕਿਸਾਨਾਂ ਵੱਲੋਂ ਇਨ੍ਹਾਂ ਖੇਤੀ ਰਸਾਇਣਾਂ ਦੀ ਰਹਿੰਦ-ਖੂੰਹਦ ਅਕਸਰ ਆਯਾਤ ਕਰਨ ਵਾਲੇ ਦੇਸ਼ਾਂ (ਯੂਰੋਪ, ਅਮਰੀਕਾ ਅਤੇ ਅਰਬ ਦੇਸ਼ਾਂ) ਦੁਆਰਾ ਨਿਰਧਾਰਤ ਕੀਤੀ ਵੱਧੋ-ਵੱਧ ਰਹਿੰਦ-ਖੂੰਹਦ ਦੀ ਸੀਮਾ ਤੋਂ ਵੱਧ ਜਾਂਦੀ ਹੈ । ਪਿਛਲੇ ਕੁੱਝ ਕੁ ਸਮੇਂ ਤੋਂ ਬਾਸਮਤੀ ਦੇ ਦਾਣਿਆਂ ਵਿੱਚ ਰਸਾਇਣਾਂ (ਕੀਟਨਾਸ਼ਕ ਅਤੇ ਉੱਲੀਨਾਸ਼ਕ) ਦੀ ਮਿੱਥੀ ਹੱਦ ਤੋਂ ਵੱਧ ਪਾਇਆ ਜਾਣਾ ਇਸ ਦੇ ਨਿਰਯਾਤ ਵਿੱਚ ਆਉਣ ਵਾਲੀ ਇੱਕ ਮੁੱਖ ਰੁਕਾਵਟ ਵਜੋਂ ਉਭਰਿਆ ਹੈ ।

ਭਾਰਤ ਵੱਲੋਂ ਬਾਸਮਤੀ ਦਾ ਨਿਰਯਾਤ ਮੁੱਖ ਤੌਰ ਤੇ ਯੂਰਪ, ਅਮਰੀਕਾ ਅਤੇ ਅਰਬ ਦੇਸ਼ਾਂ ਵਿੱਚ ਕੀਤਾ ਜਾਂਦਾ ਹੈ । ਇਨ੍ਹਾਂ ਦੇਸ਼ਾਂ ਵੱਲੋਂ ਬਾਸਮਤੀ ਚੌਲਾਂ ਵਿੱਚ ਖੇਤੀ ਰਸਾਇਣਾਂ ਦੀ ਰਹਿੰਦ-ਖੂੰਹਦ ਪ੍ਰਤੀ ਸਖਤ ਮਾਪਦੰਡ ਅਪਣਾਏ ਜਾਂਦੇ ਹਨ । ਮਿਸਾਲ ਵਜੋਂ ਆਮ ਤੌਰ ਤੇ ਵਰਤੇ ਜਾਣ ਵਾਲੇ ਕੀਟਨਾਸ਼ਕ/ਉੱਲੀਨਾਸ਼ਕ ਜਿਵੇਂ ਕਿ ਐਸੀਫੇਟ, ਟ੍ਰਾਈਸਾਇਕਲਾਜ਼ੋਲ, ਪ੍ਰੋਪੀਕੋਨਾਜ਼ੋਲ ਅਤੇ ਬਾਇਓਮਿਥਾਕਸਮ ਲਈ ਅਧਿਕਤਮ ਰਹਿੰਦ-ਖੂੰਹਦ ਦੀ ਸੀਮਾ 0.01 ਪੀ ਪੀ ਐਮ ਤੋਂ ਵੀ ਘੱਟ ਨਿਰਧਾਰਿਤ ਕੀਤੀ ਗਈ ਹੈ । ਵਿਗਿਆਨਕ ਸਬੂਤ ਦਰਸਾਉਂਦੇ ਹਨ ਕਿ ਜੇਕਰ ਕੀੜ੍ਹਿਆਂ ਦੀ ਰੋਕਥਾਮ ਕਰਨ ਲਈ ਆਰਥਿਕ ਕਾਗਾਰ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਟਨਾਸ਼ਕਾਂ ਦੀ ਵਰਤੋਂ ਕੀਤੀ ਜਾਵੇ ਤਾਂ ਕਟਾਈ ਤੋਂ ਬਾਅਦ ਬਾਸਮਤੀ ਦੇਚੌਲਾਂ ਵਿੱਚ ਇਨ੍ਹਾਂ ਦੀ ਰਹਿੰਦ-ਖੂੰਹਦ ਦਾ ਪੱਧਰ ਨਿਰਧਾਰਿਤ ਸੀਮਾ ਤੋਂ ਘੱਟ ਜਾਂਦਾ ਹੈ । ਕੀਟਨਾਸ਼ਕਾਂ/ਉੱਲੀਨਾਸ਼ਕਾਂ ਦੀ ਅੰਨ੍ਵਾਹ ਵਰਤੋਂ ਕਾਰਨ ਕਈ ਦੇਸ਼ਾਂ ਜਿਵੇਂ ਯੂਰਪੀਅਨ ਯੂਨੀਅਨ ਵੱਲੋਂ ਬਾਸਮਤੀ ਦੀਆਂ ਖੇਪਾਂ ਨਾਮੰਨਜ਼ੂਰ ਕਰ ਦਿੱਤੀਆਂ ਜਾਂਦੀਆਂ ਹਨ । ਇਸਦਾ ਮਤਲਬ ਹੈ ਕਿ ਕਿਸਾਨਾਂ ਅਤੇ ਨਿਰਯਾਤਕਾਂ ਦੁਆਰਾ ਕੀਤੀ ਗਈ ਕਈ ਮਹੀਨਿਆਂ ਦੀ ਸਖਤ ਮਿਹਨਤ ਇੱਕ ਪਲ ਵਿੱਚ ਬਰਬਾਦ ਹੋ ਸਕਦੀ ਹੈ । ਇਸ ਤੋਂ ਇਲਾਵਾ ਉੱਚ-ਗੁਣਵੱਤਾ ਵਾਲੇ ਉਤਪਾਦਾਂ ਦੇ ਭਰੋਸੇਯੋਗ ਨਿਰਯਾਤਕ ਵਜੋਂ ਵੀ ਪੰਜਾਬ ਦੀ ਛਵੀ ਨੂੰ ਵੀ ਝਟਕਾ ਲੱਗਦਾ ਹੈ । ਬਾਸਮਤੀ ਦੇ ਨਿਰਯਾਤ ਦੇ ਪੈਮਾਨੇ ਅਤੇ ਮੁੱਲ ਨੂੰ ਦੇਖਦੇ ਹੋਏ ਅਜਿਹੇ ਵਪਾਰਕ ਅੜਿੱਕੇ ਰਾਜ ਦੀ ਖੇਤੀਬਾੜੀ-ਆਰਥਿਕਤਾ ਨੂੰ ਵੀ ਪ੍ਰਭਾਵਿਤ ਕਰਦੇ ਹਨ ।

ਇਨ੍ਹਾਂ ਗੱਲਾਂ ਨੂੰ ਮੁੱਖ ਰੱਖਦਿਆਂ, ਪੰਜਾਬ ਸਰਕਾਰ ਨੇ 16 ਜੁਲਾਈ, 2025 ਨੂੰ ਇੱਕ ਨੋਟੀਫਿਕੇਸ਼ਨ ਰਹਿਤ 12 ਕੀਟਨਾਸ਼ਕਾਂ ਅਤੇ ਉੱਲੀਨਾਸ਼ਕਾਂ ਦੀ ਪੰਜਾਬ ਵਿੱਚ ਵਿਕਰੀ, ਸਟਾਕ, ਵੰਡ ਅਤੇ ਵਰਤੋਂ ਉੱਪਰ ਪਹਿਲੀ ਅਗਸਤ, 2025 ਤੋਂ 60 ਦਿਨਾਂ ਲਈ ਮੁਕੰਮਲ ਤੌਰ ਤੇ ਰੋਕ ਲਗਾ ਦਿੱਤੀ ਗਈ ਹੈ । ਇਹ ਕੀਟਨਾਸ਼ਕ ਅਤੇ ਉੱਲੀਨਾਸ਼ਕ ਹਨ : ਐਸੀਫੇਟ, ਬੂਪਰੋਫੈਜ਼ਿਨ, ਕਲੋਰਪਾਈਰੀਫਾਸ, ਪ੍ਰੋਪੀਕੋਨਾਜ਼ੋਲ, ਥਾਇਆਮੀਥਾਕਸਮ, ਪ੍ਰੋਫੈਨੋਫਾਸ, ਕਾਰਬੈਂਡਾਜ਼ਿਮ, ਟ੍ਰਾਈਸਾਈਕਲਾਜ਼ੋਲ, ਟੈਬੂਕੋਨਾਜ਼ੋਲ, ਕਾਰਬੋਫੂਰਾਨ, ਇਮੀਡਾਕਲੋਪਰਿਡ ਅਤੇ ਹੈਕਸਾਕੋਨਾਜ਼ੋਲ । ਭਾਰਤ ਦੀ ਪ੍ਰਮੁੱਖ ਬਾਸਮਤੀ ਨਿਰਯਾਤ ਸੰਸਥਾ ਅਪੀਡਾ ਨੇ ਵੀ 22 ਖੇਤੀ ਜ਼ਾਹਿਰਾਂ ਦੀ ਰਹਿੰਦ-ਖੂੰਹਦ ਨੂੰ ਬਾਸਮਤੀ ਨਿਰਯਾਤ ਵਿੱਚ ਆਉਣ ਵਾਲਾ ਅੜਿੱਕਾ ਕਰਾਰ ਦਿੱਤਾ ਹੈ ।

ਪੱਤਾ ਲਪੇਟ ਸੁੰਡੀ ਅਤੇ ਗੋਭ ਦੀ ਸੁੰਭੀ ਨੂੰ ਆਰਥਿਕ ਕਗਾਰ ਦੇ ਆਧਾਰ ਤੇ ਬੜੀ ਆਸਾਨੀ ਨਾਲ ਕਾਬੂ ਕੀਤਾ ਜਾ ਸਕਦਾ ਹੈ । ਜਦੋਂ ਪੱਤਾ ਲਪੇਟ ਸੁੰਡੀ ਨਾਲ ਪ੍ਰਭਾਵਿਤ 10% ਜਾਂ ਵੱਧ ਨੁਕਸਾਨੇ ਪੱਤੇ ਅਤੇ ਗੋਭ ਦੀ ਸੁੰਡੀ ਲਈ 2% ਜਾਂ ਵਧੇਰੇ ਸੁੱਕੀਆਂ ਗੋਭਾਂ ਨਜ਼ਰ ਆਉਣ ਤਾਂ ਨਿੰਮ ਆਧਾਰਿਤ 80 ਮਿਲੀਲੀਟਰ ਇਕੋਟਿਨ (ਅਜ਼ੈਡੀਰੈਕਟਿਨ 5%) ਜਾਂ 1.0 ਲਿਟਰ ਅਚੂਕ/ਨੀਮ ਕਵਚ (ਅਜ਼ੈਡੀਰੈਕਟਿਨ 0.15%) ਜਾਂ 400 ਗ੍ਰਾਮ ਸੁਪਰੀਮੋ 50 ਐਸ ਪੀ (ਥਾਇਓਸਾਈਕਲੇਮ ਹਾਈਡ੍ਰੋਜ਼ਨ ਔਗਜ਼ਾਲੇਟ) ਜਾਂ 50 ਗ੍ਰਾਮ ਟਾਕੂਮੀ 20 ਡਬਲਯੂ ਜੀ (ਫਲੂਬੈਂਡਾਮਾਈਡ 20%) ਜਾਂ 20 ਮਿਲੀਲਿਟਰ ਫੇਮ 480 ਐਸ ਸੀ (ਫਲੂਬੈਂਡਾਮਾਈਡ 39.35%) ਜਾਂ 170 ਗ੍ਰਾਮ ਮੋਰਟਰ 75 ਐਸ ਜੀ (ਕਾਰਟਾਪ ਹਾਈਡਰੋਕਲੋਰਾਈਡ) ਜਾਂ 60 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਇਨ੍ਹਾਂ ਕੀੜਿਆਂ ਦੀ ਰੋਕਥਾਮ 4 ਕਿੱਲੋ ਫਰਟੇਰਾ/ਮਾਰਕਟੇਰਾ 0.4 ਜੀ ਆਰ (ਕਲੋਰਐਂਟਰਾਨਿਲੀਪਰੋਲ) ਜਾਂ 4 ਕਿੱਲੋ ਵਾਈਬਰੈਂਟ 4 ਜੀ ਆਰ (ਥਿਓਸਾਈਕਲੇਮ ਹਾਈਡ੍ਰੋਜਨ ਆਕਸਾਲੇਟ) ਜਾਂ 10 ਕਿੱਲੋ ਪਦਾਨ / ਕੈਲਡਾਨ / ਕਰੀਟਾਪ / ਸੈਨਵੈਕਸ / ਨਿਦਾਨ / ਮਾਰਕਟੈਪ / ਮਿਫਟੈਪ / ਫੈਲਟਾਪ-ਜੀ/ਕਾਤਸੂ 4 ਜੀ (ਕਾਰਟਾਪ ਹਾਈਡਰੋਕਲੋਰਾਈਡ) ਜਾਂ 6 ਕਿੱਲੋ ਰੀਜੈਂਟ / ਮੋਰਟੈਲ / ਮਿਫਪਰੋਜੀ / ਮਹਾਂਵੀਰ ਜੀ ਆਰ /

ਬਾਕੀ ਸਫਾ 6 'ਤੇ



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 38
ਮਿਤੀ 20-09-2025



ਐਡੀਟਰ

ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

ਸੰਪਾਦਕੀ ਬੋਰਡ

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ

ਕੰਪੋਜ਼ਿੰਗ

ਏਕਤਾ ਕੰਪਿਊਟਰਜ਼, ਪਟਿਆਲਾ

ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਪਸ਼ੂਆਂ ਲਈ ਵੈਟਰਨਰੀ ਪੋਲੀਕਲਿਨਿਕ 'ਚ ਐਕਸ ਰੇ ਦੀ ਸਹੂਲਤ ਸ਼ੁਰੂ; ਪਟਿਆਲਾ ਬਣਿਆ ਸਹੂਲਤ ਦੇਣ ਵਾਲਾ ਸੂਬੇ ਦਾ ਪਹਿਲਾ ਜ਼ਿਲ੍ਹਾ

## ਪਸ਼ੂ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਪਟਿਆਲਾ ਵੈਟਰਨਰੀ ਪੋਲੀਕਲਿਨਿਕ 'ਚ 56 ਲੱਖ ਰੁਪਏ ਦੀ ਐਕਸ-ਰੇ ਮਸ਼ੀਨ ਦਾ ਉਦਘਾਟਨ

ਪੰਜਾਬ ਦੇ ਪਸ਼ੂ ਪਾਲਣ, ਖੇਤੀਬਾੜੀ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਪਟਿਆਲਾ ਤੋਂ ਸਰਕਾਰੀ ਵੈਟਰਨਰੀ ਪੋਲੀਕਲਿਨਿਕ 'ਚ ਸੂਬੇ ਦੀ ਪਹਿਲੀ ਪਸ਼ੂਆਂ ਲਈ ਡਿਜ਼ੀਟਲ ਐਕਸ ਰੇ ਦੀ ਸਹੂਲਤ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਉਨ੍ਹਾਂ ਦੇ ਨਾਲ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਤੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਤਜਿੰਦਰ ਮਹਿਤਾ ਵੀ ਮੌਜੂਦ ਸਨ।

ਇਸ ਮੌਕੇ ਉਨ੍ਹਾਂ ਕਿਹਾ ਕਿ ਪਟਿਆਲਾ ਦੇ ਸਰਕਾਰੀ ਵੈਟਰਨਰੀ ਪੋਲੀਕਲਿਨਿਕ 'ਚ 56 ਲੱਖ ਰੁਪਏ ਦੀ ਆਧੁਨਿਕ 800 ਐਮ.ਏ.ਐਸ. ਐਕਸ-ਰੇ ਮਸ਼ੀਨ ਲਗਾਈ ਗਈ ਹੈ ਜੋ ਕਿ ਸੂਬੇ 'ਚ ਸਭ ਤੋਂ ਪਹਿਲੀ ਹੈ ਤੇ ਆਉਣ ਵਾਲੇ ਦਿਨਾਂ ਵਿੱਚ ਇਹ ਮਸ਼ੀਨ ਸੂਬੇ ਦੇ ਹੋਰਨਾਂ ਸਰਕਾਰੀ ਵੈਟਰਨਰੀ ਪੋਲੀਕਲਿਨਿਕ ਵਿੱਚ ਵੀ ਲਗਾਈ ਜਾਵੇਗੀ।

ਪਸ਼ੂ ਪਾਲਣ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਰਾਜ ਭਰ ਦੇ ਵੈਟਰਨਰੀ ਹਸਪਤਾਲਾਂ ਅਤੇ ਪੋਲੀਕਲਿਨਿਕ ਨੂੰ ਆਧੁਨਿਕ ਸਿਹਤ ਸਹੂਲਤਾਂ ਨਾਲ ਲੈਸ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਹ ਮਸ਼ੀਨ ਪਸ਼ੂਆਂ ਦੀ ਸਾਹ ਸੰਬੰਧੀ ਸਮੱਸਿਆਵਾਂ, ਹੱਡੀਆਂ ਦੀਆਂ ਬਿਮਾਰੀਆਂ, ਪੇਟ ਦੇ ਕੈਂਸਰ ਅਤੇ ਹੋਰ ਕਿਸਮਾਂ ਦੇ ਕੈਂਸਰ ਦੀ ਸਹੀ ਅਤੇ ਸਮੇਂ ਸਿਰ ਪਛਾਣ ਕਰਨ ਵਿੱਚ ਬਹੁਤ ਮਦਦਗਾਰ ਸਾਬਤ ਹੋਵੇਗੀ।

ਉਨ੍ਹਾਂ ਨੇ ਇਹ ਵੀ ਦੱਸਿਆ ਕਿ ਇਹ ਮਸ਼ੀਨ ਰੇਡੀਏਸ਼ਨ ਥੈਰੇਪੀ ਰਾਹੀਂ ਕੈਂਸਰ ਦੇ ਇਲਾਜ ਲਈ ਵੀ ਵਰਤੀ ਜਾ ਸਕਦੀ ਹੈ, ਜੋ ਕਿ ਪੰਜਾਬ ਦੇ ਵੈਟਰਨਰੀ ਸਿਹਤ ਪ੍ਰਣਾਲੀ ਲਈ ਇੱਕ ਮਹੱਤਵਪੂਰਨ ਉਪਲਬਧੀ



ਹੈ।

ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਪਸ਼ੂ ਪਾਲਣਾ ਪੰਜਾਬ ਦੀ ਅਰਥਵਿਵਸਥਾ ਦਾ ਅਟੁੱਟ ਹਿੱਸਾ ਹੈ। ਪਸ਼ੂ ਪਾਲਣ ਸੇਵਾਵਾਂ ਨੂੰ ਮਜ਼ਬੂਤ ਕਰਨ ਨਾਲ ਪਸ਼ੂਆਂ ਦੀ ਸਿਹਤ ਵਿੱਚ ਸੁਧਾਰ ਆਵੇਗਾ ਅਤੇ ਦੁੱਧ ਦੀ ਪੈਦਾਵਾਰ ਵਿੱਚ ਵਾਧਾ ਹੋਵੇਗਾ, ਜਿਸ ਨਾਲ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ।

ਉਨ੍ਹਾਂ ਦੱਸਿਆ ਕਿ ਪਟਿਆਲਾ ਦੇ ਵੈਟਰਨਰੀ ਪੋਲੀਕਲਿਨਿਕ ਵਿਖੇ ਆਈ.ਪੀ.ਡੀ. ਦੀ ਸਹੂਲਤ ਵੀ ਮੌਜੂਦ ਹੈ ਜਿਸਦੇ ਰਹਿੰਦੀਆਂ ਇਲਾਜ ਅਧੀਨ ਪਸ਼ੂ/ਕੁੱਤਾ ਜਾਂ ਬਿੱਲੀ ਨੂੰ ਰਾਤ ਦੇ ਸਮੇਂ ਵੀ ਹਸਪਤਾਲ ਵਿੱਚ ਦਾਖਲ ਰੱਖਿਆ ਜਾ ਸਕਦਾ ਹੈ। ਇਹ ਪੰਜਾਬ ਸਰਕਾਰ ਦੀ ਨਿਵੇਕਲੀ ਪਹਿਲ ਕਦਮੀ ਹੈ ਕਿ ਪਸ਼ੂ ਪਾਲਕ ਆਪਣੇ ਪਸ਼ੂ ਨਾਲ ਹਸਪਤਾਲ ਵਿੱਚ ਹੀ ਰਹਿ ਸਕਦੇ ਹਨ, ਜਿਸ ਨਾਲ ਪਸ਼ੂ ਨੂੰ ਇਲਾਜ ਲਈ/ਓਪਰੇਸ਼ਨ ਉਪਰੰਤ ਵਾਰ ਵਾਰ ਹਸਪਤਾਲ ਲਿਆਉਣ ਦਾ ਖਰਚਾ ਵੀ ਬਚਦਾ ਹੈ।

ਇਸ ਮੌਕੇ ਉਨ੍ਹਾਂ ਪੱਤਰਕਾਰਾਂ ਨਾਲ ਗੈਰ ਰਸਮੀ ਗੱਲਬਾਤ ਕਰਦਿਆਂ ਕਿਹਾ ਕਿ ਹੜ੍ਹਾਂ ਕਾਰਨ ਪੰਜਾਬ ਦਾ ਵੱਡਾ ਨੁਕਸਾਨ ਹੋਇਆ ਹੈ ਅਤੇ ਹਾਲੇ ਤੱਕ ਤਕਰੀਬਨ 20 ਹਜ਼ਾਰ ਕਰੋੜ ਰੁਪਏ ਦਾ ਅਨੁਮਾਨ ਲਗਾਇਆ ਗਿਆ ਹੈ ਅਤੇ 5 ਹਜ਼ਾਰ ਏਕੜ 'ਚ ਫ਼ਸਲ ਤਬਾਹ ਹੋਈ ਹੈ। ਉਨ੍ਹਾਂ ਦੱਸਿਆ ਕਿ 2500 ਦੇ ਕਰੀਬ ਮਰੇ ਪਸ਼ੂਆਂ ਦੀ ਸ਼ਨਾਖਤ ਹੋ ਚੁੱਕੀ ਹੈ ਤੇ ਹਾਲੇ ਹੋਰ ਸ਼ਨਾਖਤ ਕੀਤੀ ਜਾ ਰਹੀ ਹੈ, ਕਿਉਂਕਿ ਹਾਲੇ ਕਈ ਥਾਵਾਂ 'ਤੇ ਹਾਲੇ ਪਾਣੀ ਖੜ੍ਹਾ ਹੈ।

# ਤੋਰੀਏ ਦੀ ਸਫ਼ਲ ਕਾਸ਼ਤ


ਮਨਪ੍ਰੀਤ ਜੈਦਕਾ ਅਤੇ ਕਮਲਦੀਪ ਸਿੰਘ ਮਠਾੜੂ,
ਪੀ ਏ ਯੂ-ਕ੍ਰਿਸ਼ੀ ਵਿਗਿਆਨ ਕੇਂਦਰ, ਬੁੱਧ ਸਿੰਘ ਵਾਲਾ, ਮੋਗਾ (ਮੋ. 98776-73363)


ਪੰਜਾਬ ਵਿੱਚ ਤੋਰੀਏ ਦੀ ਕਾਸ਼ਤ ਸਾਗ ਦੇ ਤੌਰ ਤੇ ਘਰੇਲੂ ਵਰਤੋਂ ਲਈ ਜਾਂ ਫਿਰ ਮੰਡੀ ਵਿੱਚ ਵੇਚਣ ਲਈ ਕੀਤੀ ਜਾਂਦੀ ਹੈ। ਇਹ ਫ਼ਸਲ ਥੋੜ੍ਹੇ ਸਮੇਂ ਦੀ ਹੁੰਦੀ ਹੈ ਜਿਸ ਕਾਰਨ ਖੇਤ ਛੇਤੀ ਖਾਲੀ ਹੋ ਜਾਂਦਾ ਹੈ ਅਤੇ ਕਿਸਾਨ ਵੀਰ ਅਗਲੀ ਫ਼ਸਲ ਜਿਵੇਂ ਕਿ ਕਣਕ ਦੀ ਕਾਸ਼ਤ ਵੀ ਕਰ ਸਕਦੇ ਹਨ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਵੀ ਤੋਰੀਏ ਕੀ ਕਾਸ਼ਤ ਕਰਨ ਲਈ ਸਿਫ਼ਾਰਿਸ਼ ਕੀਤੀ ਗਈ ਹੈ।



**ਉੱਨਤ ਕਿਸਮਾਂ :** ਤੋਰੀਏ ਦੀਆਂ ਦੋ ਕਿਸਮਾਂ, ਟੀ ਐਲ 17 ਅਤੇ ਟੀ ਐਲ 15 ਦੀ ਸਿਫ਼ਾਰਿਸ਼ ਕੀਤੀ ਗਈ ਹੈ। ਟੀ ਐਲ 17 ਕਿਸਮ ਲਗਭਗ 90 ਦਿਨਾਂ ਵਿੱਚ ਪੱਕ ਜਾਂਦੀ ਹੈ, ਜਿਸ ਦਾ ਔਸਤਨ ਝਾੜ 5.2 ਕੁਇੰਟਲ ਪ੍ਰਤੀ ਏਕੜ ਹੈ। ਟੀ ਐਲ 15 ਕਿਸਮ ਲਗਭਗ 88 ਦਿਨਾਂ ਵਿੱਚ ਪੱਕ ਜਾਂਦੀ ਹੈ, ਜਿਸ ਦਾ ਔਸਤਨ ਝਾੜ 4.5 ਕੁਇੰਟਲ ਪ੍ਰਤੀ ਏਕੜ ਹੈ।

**ਬਿਜਾਈ :** ਕਿਸਾਨ ਵੀਰ ਤੋਰੀਏ ਦੀ ਬਿਜਾਈ ਸਤੰਬਰ ਮਹੀਨੇ ਦੌਰਾਨ ਕਰ ਸਕਦੇ ਹਨ। ਤੋਰੀਏ ਦੀ ਬਿਜਾਈ ਲਈ ਬੀਜ ਦੀ ਮਾਤਰਾ 1.5 ਕਿਲੋ ਪ੍ਰਤੀ ਏਕੜ ਵਰਤੋਂ। ਤੋਰੀਏ ਦੀ ਬਿਜਾਈ ਲਈ ਕਤਾਰ ਤੋਂ ਕਤਾਰ ਦਾ ਫ਼ਾਸਲਾ 30 ਸੈਮੀ. (1 ਫੁੱਟ) ਰੱਖੋ। ਪਕਾਵੀਂ ਫ਼ਸਲ ਵਿੱਚ ਬੂਟਿਆਂ ਦੇ ਵਧੀਆ ਵਿਕਾਸ ਅਤੇ ਝਾੜ ਲਈ ਬਿਜਾਈ ਤੋਂ 3 ਹਫ਼ਤੇ ਬਾਅਦ ਬੂਟੇ ਤੋਂ ਬੂਟੇ ਦਾ 10-15 ਸੈਂਮੀ. ਦਾ ਫ਼ਾਸਲਾ ਰੱਖਣਾ ਜ਼ਰੂਰੀ ਹੈ। ਬਿਜਾਈ 4-5 ਸੈਂਟੀਮੀਟਰ ਡੂੰਘੀ ਕਰੋ।

**ਖਾਦ, ਪਾਣੀ ਅਤੇ ਨਦੀਨ ਪ੍ਰਬੰਧਨ :** ਤੋਰੀਏ ਦੀ ਫ਼ਸਲ ਲਈ 55 ਕਿਲੋ ਯੂਰੀਆ ਅਤੇ 50 ਕਿਲੋ ਸੁਪਰਫ਼ਾਸਫੇਟ ਪ੍ਰਤੀ ਏਕੜ ਦੇ ਹਿਸਾਬ ਸਿਫ਼ਾਰਿਸ਼ ਕੀਤੀ ਗਈ ਹੈ, ਜਿਸ ਦੀ ਸਾਰੀ ਮਾਤਰਾ ਇੱਕ ਕਿਸ਼ਤ ਰਾਹੀਂ ਹੀ ਬਿਜਾਈ ਕਰਨ ਵੇਲੇ ਪਾਈ ਜਾ ਸਕਦੀ ਹੈ। ਨਦੀਨ ਪ੍ਰਬੰਧਨ ਲਈ ਬਿਜਾਈ ਤੋਂ ਦੋ ਦਿਨਾਂ ਦੇ ਅੰਦਰ ਸਟਾਂਪ 38.7 ਸੀ ਐਸ (ਪੈਂਡੀਮੈਥਾਲਿਨ) ਦਾ 350 ਮਿਲੀਲੀਟਰ ਪ੍ਰਤੀ ਏਕੜ ਦੇ ਹਿਸਾਬ ਨਾਲ 200 ਲਿਟਰ ਪਾਣੀ ਵਰਤ ਕੇ ਛਿੜਕਾਅ ਕਰੋ। ਕਿਸਾਨ ਵੀਰ ਬਿਜਾਈ ਤੋਂ 3 ਹਫ਼ਤੇ ਬਾਅਦ ਗੋਡੀ ਕਰ ਸਕਦੇ ਹਨ। ਜਦੋਂ ਫ਼ਸਲ ਫੁੱਲ-ਫੁਲਾਕੇ ਤੇ ਆਵੇ ਤਾਂ ਲੋੜ ਮੁਤਾਬਿਕ ਸਿੰਚਾਈ ਕਰਨੀ ਬਹੁਤ ਜ਼ਰੂਰੀ ਹੁੰਦੀ ਹੈ ਤਾਂ ਜੋ ਦਾਣੇ ਭਰਨ ਵੇਲੇ ਫ਼ਸਲ ਨੂੰ ਪਾਣੀ ਦੀ ਔੜ ਨਾ ਲੱਗੇ।

**ਵਾਢੀ ਅਤੇ ਗਹਾਈ :** ਜਦੋਂ ਤੋਰੀਏ ਦੀਆਂ ਫ਼ਲੀਆਂ ਪੀਲੀਆਂ ਪੈ ਜਾਣ ਤਾਂ ਕਟਾਈ ਕਰ ਲੈਣੀ ਚਾਹੀਦੀ ਹੈ। ਕਟਾਈ ਉਪਰੰਤ ਫ਼ਸਲ ਗਾਹੁਣ ਤੋਂ 7-10 ਦਿਨ ਪਹਿਲਾਂ ਢੇਰ (ਕੁੰਨੂ) ਬਣਾ ਕੇ ਸੁਕਾ ਲੈਣਾ ਚਾਹੀਦਾ ਹੈ ਅਤੇ ਸੁੱਕਣ ਉਪਰੰਤ ਗਾਹ ਕੇ ਜਾਂ ਥਰੈਸ਼ਰ ਨਾਲ ਬੀਜ ਕੱਢ ਲੈਣੇ ਚਾਹੀਦੇ ਹਨ। ਇਸ ਤਰ੍ਹਾਂ ਕਿਸਾਨ ਵੀਰ ਮੌਜੂਦਾ ਸਮੇਂ ਦੌਰਾਨ ਬੀਜੀਆਂ ਜਾ ਸਕਣ ਵਾਲੀਆਂ ਫ਼ਸਲਾਂ ਦੀ ਸਹੀ ਚੋਣ ਕਰਕੇ ਕਾਸ਼ਤ ਕਰਨ ਉਪਰੰਤ ਹਾੜ੍ਹੀ ਦੀ ਫ਼ਸਲ ਦੀ ਢੁੱਕਵੀਂ ਕਿਸਮ ਦਾ ਵਧੀਆ ਝਾੜ ਵੀ ਲੈ ਸਕਦੇ ਹਨ।

# ਤਰਸ

ਫ਼ਸਲਾਂ ਡੁੱਬੀਆਂ ਘਰ ਵੀ ਡੁੱਬੇ,
ਡੁੱਬ ਗਏ ਮੰਦਰ ਗੁਰੂਦੁਆਰੇ ਨੇ,
ਤੇਰੀਆਂ ਨੂੰ ਬਸ ਤੂੰ ਹੀ ਜਾਣੇ,
ਬੜੇ ਤੇਰੇ ਰੰਗ ਨਿਆਰੇ ਨੇ।
ਪੱਕੇ ਢਹਿ ਗਏ ਕੱਚੇ ਢਹਿ ਗਏ,
ਰੋਂਦੇ ਅਮੀਰ ਗਰੀਬ ਵਿਚਾਰੇ ਨੇ,
ਮਾਲਕ ਭੋਏਂ ਦੇ ਰੋਂਦੇ ਫਿਰਦੇ,
ਨਾਲੇ ਰੋਂਦੇ ਫਿਰਨ ਮੁਜ਼ਾਰੇ ਨੇ।
ਸੂਰਜ ਕਿਧਰੇ ਖੁੱਡ ਵਿੱਚ ਲੁਕਿਆ,
ਛੁੱਟੀ ਲੈ ਗਏ ਲੱਗਦੇ ਤਾਰੇ ਨੇ,
ਚੰਨ ਵੀ ਲੁੱਕ ਗਿਆ ਅੱਖ ਬਚਾ ਕੇ,
ਬੱਦਲ ਸਭ 'ਤੇ ਪੈ ਗਏ ਭਾਰੇ ਨੇ।
ਸਹਿਮੇ ਤੇਰਾ ਰੂਪ ਇਹ ਦੇਖ ਕੇ,
ਹਰ ਵਰਗ ਦੇ ਲੋਕ ਵਿਚਾਰੇ ਨੇ,
ਹੱਥ ਜੋੜ ਤੇਰੇ ਤਰਲੇ ਪਾਉਂਦੇ,
ਸਭ ਗਏ ਮੁਕੱਦਰੋਂ ਹਾਰੇ ਨੇ।
ਏ ਬੰਨ੍ਹ ਟੁੱਟਾ ਉਹ ਬੰਨ੍ਹ ਟੁੱਟਾ,
ਸੁਣ ਰੋਂਦੇ ਬਾਲ ਵਿਚਾਰੇ ਨੇ,
ਕਹਿਰ ਹੈ ਮਚਿਆ ਹੁਣ ਸਭ ਪਾਸੇ,
ਸਭ ਮੁੱਕ ਗਏ ਲੱਗਣ ਸਹਾਰੇ ਨੇ।
ਰੁੜ੍ਹ ਗਏ ਕਈ ਨੇ ਬੇਜ਼ੁਬਾਨੇ,
ਜ਼ੁਬਾਨਾ ਵਾਲੇ ਵੀ ਰੁੜ੍ਹੇ ਵਿਚਾਰੇ ਨੇ,
ਗੱਡੇ ਰੁੜ੍ਹ ਗਏ ਗੱਡੀਆਂ ਰੁੜ੍ਹੀਆਂ,
ਰੁੜ੍ਹੇ ਰੁੱਖ ਕਈ ਕਰਮਾਂ ਵਾਲੇ ਨੇ।
ਜਦੋਂ ਮਾਨਵ ਇਨਸਾਨੀਅਤ ਭੁੱਲਦਾ,
ਹੁੰਦੇ ਵੇਖੇ ਫਿਰ ਐਵੇਂ ਦੇ ਕਾਰੇ ਨੇ,
ਕੁਦਰਤ ਨੂੰ ਜਦ ਮਿਲੇ ਚੁਣੌਤੀ,
ਫਿਰ ਦਿਨ ਵਿੱਚ ਦਿਖਾਉਂਦੀ ਤਾਰੇ ਨੇ।
ਕੰਨ ਫੜ ਕੇ ਅਸੀਂ ਮਾਫ਼ੀ ਮੰਗਦੇ,
ਹਾਲਾਤ ਵਜੋਂ ਹੀ ਬਾਹਰੇ ਨੇ,
'ਸੁਖਵਿੰਦਰ' ਕਹੇ ਕਰ ਤਰਸ ਤੂੰ ਰੱਬਾ,
ਲੋਕ ਰੋ ਰੋ ਕੇ ਹੁਣ ਹਾਰੇ ਨੇ।


ਸੁਖਵਿੰਦਰ ਸਿੰਘ ਜਲਾਲਪੁਰੀ
ਪਿੰਡ-ਡਾਕ ਜਲਾਲਪੁਰ, ਤਹਿਸੀਲ ਦਸੂਹਾ, ਹੁਸ਼ਿਆਰਪੁਰ
ਮੋ. 99063-81482

# ਪੀ.ਏ.ਯੂ. ਕਿਸਾਨ ਮੇਲਿਆਂ ਤੇ ਮਿੱਟੀ ਅਤੇ ਪਾਣੀ ਪਰਖ ਲਈ ਨਮੂਨੇ ਲਿਆਓ

**ਉਪਿੰਦਰ ਸਿੰਘ ਸੰਧੂ, ਰਾਜੀਵ ਸਿੱਕਾ ਅਤੇ ਗੋਬਿੰਦਰ ਸਿੰਘ, ਭੂਮੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98884-60091)**

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਇਸ ਸਾਲ ਵੀ ਹਾੜ੍ਹੀ ਰੁੱਤ ਦੇ ਕਿਸਾਨ ਮੇਲੇ ਲੁਧਿਆਣੇ ਅਤੇ ਵੱਖ-ਵੱਖ ਖੇਤਰੀ ਖੋਜ ਕੇਂਦਰਾਂ/ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿਖੇ ਲਗਾਏ ਜਾ ਰਹੇ ਹਨ। ਮਿੱਟੀ ਅਤੇ ਪਾਣੀ ਦੀ ਪਰਖ ਲਈ ਕਿਸਾਨ ਇਹਨਾਂ ਮੇਲਿਆਂ ਵਿੱਚ ਆਪਣੇ-ਆਪਣੇ ਖੇਤ ਦੀ ਮਿੱਟੀ ਅਤੇ ਟਿਊਬਵੈੱਲਾਂ (ਬੋਰਾਂ) ਦੇ ਪਾਣੀ ਦੇ ਨਮੂਨੇ ਜ਼ਰੂਰ ਲੈ ਕੇ ਆਉਣ। ਮਿੱਟੀ ਅਤੇ ਪਾਣੀ ਪਰਖ ਵਿਭਾਗ ਵੱਲੋਂ ਇਹਨਾਂ ਮੇਲਿਆਂ ਵਿੱਚ ਲਗਾਈਆਂ ਸਟਾਲਾਂ ਵਿੱਚ ਨਮੂਨੇ ਜਮ੍ਹਾਂ ਕਰਵਾਏ ਜਾਣਗੇ। ਲੁਧਿਆਣੇ ਦੇ ਮੇਲੇ ਤੇ ਮਿੱਟੀ ਅਤੇ ਪਾਣੀ ਦੇ ਨਮੂਨੇ, ਰਜਿਸਟ੍ਰੇਸ਼ਨ ਵਾਲੀ ਸਟਾਲ ਦੇ ਬਿਲਕੁਲ ਨਾਲ ਲੱਗਦੀ ਭੂਮੀ ਵਿਗਿਆਨ ਵਿਭਾਗ ਦੀ ਸਟਾਲ ਤੋਂ ਜਮ੍ਹਾਂ ਕਰਵਾਏ ਜਾਣਗੇ।

**ਮਿੱਟੀ ਦਾ ਨਮੂਨਾ ਲੈਣ ਦਾ ਢੰਗ** : ਫ਼ਸਲ ਉਤਪਾਦਨ ਵਾਸਤੇ ਖਾਦਾਂ ਦੀ ਸਿਫ਼ਾਰਸ਼ ਲਈ ਮਿੱਟੀ ਦਾ ਨਮੂਨਾ ਜ਼ਮੀਨ ਦੀ ਉਪਰਲੀ 6 ਇੰਚ ਤਹਿ ਤੋਂ ਲਿਆ ਜਾਂਦਾ ਹੈ। ਨਮੂਨਾ ਲੈਣ ਤੋਂ ਪਹਿਲਾਂ ਜ਼ਮੀਨ ਦੀ ਉਪਰਲੀ ਤਹਿ ਤੋਂ ਘਾਹ-ਫੂਸ ਨੂੰ ਖੁਰਪੇ ਨਾਲ ਖੁਰਚ ਕੇ ਪਾਸੇ ਕਰੋ ਅਤੇ ਫਿਰ ਖੁਰਪੇ ਜਾਂ ਕਹੀ ਨਾਲ 15 ਸੈਂਟੀਮੀਟਰ (6 ਇੰਚ) ਡੂੰਘਾ V ਆਕਾਰ ਦਾ ਟੋਆ ਪੁੱਟ ਕੇ ਇਸ ਟੋਏ ਦੇ ਇੱਕ ਪਾਸਿਓਂ 1.5 ਸੈਂਟੀਮੀਟਰ (1 ਇੰਚ) ਮਿੱਟੀ ਦੀ ਮੋਟੀ ਪਰਤ, ਉੱਪਰੋਂ ਹੇਠਾਂ ਵੱਲ ਨੂੰ ਜਾਂਦੇ ਹੋਏ ਇਕਸਾਰ ਇਕੱਠੀ ਕਰੋ। ਇਸ ਵਿਧੀ ਰਾਹੀਂ ਇੱਕ ਏਕੜ ਤੋਂ ਲਗਭਗ 7-8 ਥਾਵਾਂ ਤੋਂ ਨਮੂਨਾ ਲਓ ਤਾਂ ਜੋ ਇਹ ਨਮੂਨਾ ਸਾਰੇ ਖੇਤ ਦੀ ਮਿੱਟੀ ਦੀਆਂ ਵਿਸ਼ੇਸ਼ਤਾਈਆਂ ਨੂੰ ਦਰਸਾਉਂਦਾ ਹੋਵੇ। ਇਕੱਠੀ ਕੀਤੀ ਮਿੱਟੀ ਨੂੰ ਚੰਗੀ ਤਰ੍ਹਾਂ ਰਲਾਓ ਤਾਂ ਜੋ ਕਿਣਕਾ-ਕਿਣਕਾ ਰਲ ਜਾਵੇ ਅਤੇ ਇਸਦੇ ਵਿੱਚੋਂ ਲਗਭਗ ਅੱਧਾ ਕਿਲੋ ਮਿੱਟੀ ਦੇ ਨਮੂਨੇ ਨੂੰ



ਕੱਪੜੇ ਦੀ ਇੱਕ ਸਾਫ਼ ਥੈਲੀ ਵਿੱਚ ਭਰ ਕੇ ਉਸ ਉੱਤੇ ਪੈੱਨ ਜਾਂ ਮਾਰਕਰ ਨਾਲ ਆਪਣਾ ਨਾਮ ਅਤੇ ਪਤਾ, ਖੇਤ ਦੀ ਪਛਾਣ ਲਿਖੋ ਅਤੇ ਪਰਚੀ ਪਾਓ।

**ਪਾਣੀ ਦਾ ਨਮੂਨਾ ਲੈਣ ਦਾ ਢੰਗ** : ਪਾਣੀ ਦੇ ਨਮੂਨੇ ਲਈ ਇੱਕ ਕੱਚ ਦੀ ਸਾਫ਼ ਬੋਤਲ ਲੈ ਕੇ ਉਸ ਨੂੰ 3-4 ਵਾਰ ਟਿਊਬਵੈੱਲ ਦੇ ਪਾਣੀ ਨਾਲ ਧੋ ਲਵੋ। ਫਿਰ ਅੱਧੇ ਘੰਟੇ ਤੋਂ ਚੱਲਦੇ ਟਿਊਬਵੈੱਲ ਵਿੱਚੋਂ ਇੱਕ ਲੀਟਰ ਪਾਣੀ ਨੂੰ ਇਸ ਬੋਤਲ ਵਿੱਚ ਭਰ ਕੇ ਲਿਆਓ। ਧਿਆਨ ਰਹੇ ਬੋਤਲ ਨੂੰ ਸਾਬਣ ਜਾਂ ਸਰਫ਼ ਨਾਲ ਬਿਲਕੁਲ ਨਾ ਧੋਵੋ।

**ਨਮੂਨੇ ਜਾਂਚ ਕਰਵਾਉਣ ਦੀ ਫੀਸ** : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਅਤੇ ਇਸਦੇ ਨਾਲ ਸੰਬੰਧਤ ਪ੍ਰਯੋਗਸ਼ਾਲਾਵਾਂ ਵਿੱਚ ਮਿੱਟੀ ਦੇ ਨਮੂਨਿਆਂ ਦੀ ਪਰਖ ਵਿੱਚ ਮੁੱਖ ਪੈਮਾਨੇ ਜਿਵੇਂ ਕਿ ਮਿੱਟੀ ਦਾ ਖਾਰੀ ਅੰਗ, ਚਾਲਕਤਾ (ਇਲੈਕਟ੍ਰੀਕਲ ਕੰਡਕਟੀਵਿਟੀ), ਜੈਵਿਕ ਕਾਰਬਨ, ਉਪਲੱਬਧ ਫਾਸਫੋਰਸ ਅਤੇ ਪੋਟਾਸ਼ੀਅਮ, ਲਘੂ ਤੱਤ (ਜ਼ਿੰਕ, ਤਾਂਬਾ, ਲੋਹਾ ਅਤੇ ਮੈਂਗਨੀਜ਼), ਗੰਧਕ (ਸਲਫਰ), ਬੋਰੋਨ ਅਤੇ ਮੈਗਨੀਸ਼ੀਅਮ ਜਾਂਚ ਕੀਤੇ ਜਾਂਦੇ ਹਨ। ਪਾਣੀ ਦੇ ਨਮੂਨਿਆਂ ਨੂੰ ਸਿੰਚਾਈ ਲਈ ਉਹਨਾਂ ਦੀ ਅਨਕੂਲਤਾ ਨੂੰ ਕਾਰਬੋਨੇਟਸ, ਬਾਈਕਾਰਬੋਨੇਟਸ, ਕਲੋਰਾਈਡ, ਕੈਲਸ਼ੀਅਮ ਅਤੇ ਮੈਗਨੀਸ਼ੀਅਮ, ਵਰਗੇ ਪੈਮਾਨਿਆਂ ਦੇ ਆਧਾਰ ਤੇ ਜਾਂਚ ਕੀਤਾ ਜਾਂਦਾ ਹੈ। ਮਿੱਟੀ ਅਤੇ ਪਾਣੀ ਪਰਖ ਦੀਆਂ ਇਹ ਸੇਵਾਵਾਂ ਕਿਸਾਨਾਂ ਲਈ ਨਾਮਾਤਰ ਫੀਸ 'ਤੇ ਪੇਸ਼ ਕੀਤੀਆਂ ਜਾ ਰਹੀਆਂ ਹਨ, ਜੋ ਕਿ ਹੇਠਾਂ ਦਿੱਤੇ ਅਨੁਸਾਰ ਹਨ :

| ਪੈਮਾਨਾ | ਫੀਸ ਪ੍ਰਤੀ ਨਮੂਨਾ (ਰੁਪਏ) |
|---|---|
| ਮਿੱਟੀ ਦਾ ਖਾਰੀ ਅੰਗ, ਚਾਲਕਤਾ (ਇਲੈਕਟ੍ਰੀਕਲ ਕੰਡਕਟੀਵਿਟੀ), ਜੈਵਿਕ ਕਾਰਬਨ, ਉਪਲਬੱਧ ਫਾਸਫੋਰਸ ਅਤੇ ਪੋਟਾਸ਼ੀਅਮ | 50/- |
| ਲਘੂ ਤੱਤ (ਜ਼ਿੰਕ, ਤਾਂਬਾ, ਲੋਹਾ ਅਤੇ ਮੈਂਗਨੀਜ਼) | 100/- |
| ਬੋਰੋਨ | 100/- |
| ਗੰਧਕ (ਸਲਫਰ) | 50/- |
| ਮੈਗਨੀਸ਼ੀਅਮ | 50/- |
| ਪਾਣੀ (ਸਿੰਚਾਈ ਲਈ) | 50/- |

## ਮਿੱਟੀ ਅਤੇ ਪਾਣੀ ਪਰਖ ਦੀ ਰਿਪੋਰਟ ਘਰ ਬੈਠੇ ਹੀ ਦੇਖੋ

ਪਹਿਲਾਂ ਕਿਸਾਨਾਂ ਨੂੰ ਆਪਣੀ ਮਿੱਟੀ ਅਤੇ ਪਾਣੀ ਪਰਖ ਦੀ ਟੈਸਟ ਰਿਪੋਰਟ ਡਾਕ ਰਾਹੀਂ ਆਉਣ ਦਾ ਇੰਤਜ਼ਾਰ ਕਰਨਾ ਪੈਂਦਾ ਸੀ ਜਾਂ ਪੀ.ਏ.ਯੂ. ਜਾ ਕੇ ਆਪਣੇ ਹੱਥੀਂ ਲੈਣੀ ਪੈਂਦੀ ਸੀ, ਜੋ ਦੂਰ-ਦਰਾਜ਼ ਦੇ ਇਲਾਕਿਆਂ ਵਾਲਿਆਂ ਲਈ ਮੁਸ਼ਕਿਲ ਸੀ। ਪਰ ਹੁਣ ਕਿਸਾਨ ਆਪਣੇ ਐਂਡਰਾਇਡ ਫੋਨ ਰਾਹੀਂ ਘਰ ਬੈਠੇ ਹੀ ਆਸਾਨੀ ਨਾਲ ਆਪਣੀ ਮਿੱਟੀ ਅਤੇ ਪਾਣੀ ਦੀ ਟੈਸਟ ਰਿਪੋਰਟ ਔਨਲਾਈਨ ਚੈੱਕ ਕਰ ਸਕਦੇ ਹਨ। ਰਿਪੋਰਟ ਦੇਖਣ ਲਈ ਕ੍ਰਿਪਾ ਕਰਕੇ ਆਪਣੇ ਸਮਰਾਟ ਫੋਨ ਤੋਂ ਪੀ.ਏ.ਯੂ. ਲੁਧਿਆਣਾ ਦੀ ਵੈਬਸਾਈਟ (pau.edu) ਭਰੋ। ਇਸ ਉਪਰੰਤ "Soil and Water Testing Report" ਬਟਨ ਦੇ ਉੱਪਰ ਕਲਿੱਕ ਕਰੋ ਅਤੇ ਆਪਣਾ ਰਸੀਦ ਨੰਬਰ ਦਰਜ ਕਰੋ। ਤੁਹਾਡਾ ਰਸੀਦ ਨੰਬਰ, ਨਾਮ ਅਤੇ ਪਤਾ, ਟੈਸਟ ਦੇ ਨਤੀਜੇ ਅਤੇ ਸੰਬੰਧਿਤ ਸਿਫਾਰਸ਼ਾਂ ਸਕਰੀਨ ਉੱਪਰ ਦਿਖਾਈ ਦੇਣ ਲੱਗ ਜਾਣਗੇ। ਤੁਸੀਂ ਪ੍ਰਿੰਟ ਕਰੋ ਦੇ ਬਟਨ ਉੱਪਰ ਕਲਿੱਕ ਕਰ ਕੇ ਇਸ ਪਰਖ ਰਿਪੋਰਟ ਦਾ ਪ੍ਰਿੰਟ ਲੈ ਸਕਦੇ ਹੋ।



### ਵਧੇਰੇ ਮੁਨਾਫ਼ੇ ਲਈ

# ਅਗੇਤੇ ਮਟਰਾਂ ਦੀ ਕਾਸ਼ਤ ਕਰੋ

**ਰਜਿੰਦਰ ਕੁਮਾਰ ਢੱਲ ਅਤੇ ਹੀਰਾ ਸਿੰਘ, ਸਬਜੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 82838-40078)**

**ਅਗੇਤੀਆਂ ਕਿਸਮਾਂ**

**ਮਟਰ ਅਗੇਤਾ-7** : ਇਸ ਦੇ ਬੂਟੇ ਛੇਤੀ ਵੱਧਣ ਵਾਲੇ ਹੁੰਦੇ ਹਨ। ਹਰ ਬੂਟੇ ਤੇ 15-18 ਭਰਵੀਆਂ ਫਲੀਆਂ ਲਗਦੀਆਂ ਹਨ ਅਤੇ ਹਰ ਫਲੀ ਵਿੱਚ 7-9 ਦਾਣੇ ਹੁੰਦੇ ਹਨ। ਫਲੀਆਂ ਦੀ ਲੰਬਾਈ ਦਰਮਿਆਨੀ (9.5 ਸੈਂਟੀਮੀਟਰ) ਅਤੇ ਸਿਰੇ ਤੋਂ ਥੋੜ੍ਹੀਆਂ ਮੁੜੀਆਂ ਹੁੰਦੀਆਂ ਹਨ। ਇਸ ਦੀਆਂ ਫਲੀਆਂ ਇੱਕਲੀਆਂ ਜਾਂ ਜੋੜਿਆਂ ਵਿੱਚ ਲੱਗਦੀਆਂ ਹਨ। ਇਸ ਦੀਆਂ ਫਲੀਆਂ ਵਿੱਚੋਂ ਲਗਭਗ 48 ਪ੍ਰਤੀਸ਼ਤ ਦਾਣੇ ਨਿਕਲਦੇ ਹਨ। ਇਹ ਅਗੇਤੀ ਕਿਸਮ ਹੈ ਅਤੇ 65-70 ਦਿਨਾਂ ਵਿੱਚ ਪਹਿਲੀ ਤੁੜਾਈ ਵਾਸਤੇ ਤਿਆਰ ਹੋ ਜਾਂਦੀ ਹੈ। ਇਸ ਕਿਸਮ ਦੀਆਂ ਹਰੀਆਂ ਫਲੀਆਂ ਦਾ ਝਾੜ 32 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ।

**ਏ. ਪੀ.-3** : ਇਹ ਅਗੇਤੀ ਕਿਸਮ ਹੈ ਅਤੇ ਇਸ ਦੇ ਬੂਟੇ ਮਧਰੇ ਹੁੰਦੇ ਹਨ। ਫਲੀਆਂ ਦੀ ਲੰਬਾਈ ਦਰਮਿਆਨੀ (8.85 ਸੈਂਟੀਮੀਟਰ) ਅਤੇ ਸਿਰੇ ਤੋਂ ਮੁੜੀਆਂ ਹੁੰਦੀਆਂ ਹਨ। ਇਸ ਦੀਆਂ ਫਲੀਆਂ ਇਕੱਲੀਆਂ ਜਾਂ ਜੋੜਿਆਂ ਵਿੱਚ ਲੱਗਦੀਆਂ ਹਨ। ਹਰ ਫਲੀ ਵਿੱਚ 7-8 ਦਾਣੇ ਹੁੰਦੇ ਹਨ ਅਤੇ ਫਲੀਆਂ ਵਿੱਚੋਂ ਲਗਭਗ 50 ਪ੍ਰਤੀਸ਼ਤ ਦਾਣੇ ਨਿਕਲਦੇ ਹਨ। ਇਸ ਦੇ ਦਾਣੇ ਮੋਟੇ, ਝੁਰੜੀਆਂ ਵਾਲੇ ਅਤੇ ਹਰੇ ਰੰਗ ਦੇ ਹੁੰਦੇ ਹਨ। ਇਹ ਕਿਸਮ 65-70 ਦਿਨਾਂ ਵਿੱਚ ਪਹਿਲੀ ਤੁੜਾਈ ਵਾਸਤੇ ਤਿਆਰ ਹੋ ਜਾਂਦੀ ਹੈ, ਜੇਕਰ ਇਸ ਨੂੰ ਅਕਤੂਬਰ ਦੇ ਦੂਜੇ ਹਫ਼ਤੇ ਬੀਜਿਆ ਜਾਵੇ। ਇਸ ਕਿਸਮ ਦੀਆਂ ਹਰੀਆਂ ਫਲੀਆਂ ਦਾ ਝਾੜ 31.5 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ।



## ਅਗੇਤੇ ਮਟਰਾਂ ਦੀ ਕਾਸ਼ਤ ਦੇ ਨੁਕਤੇ :

**ਬਿਜਾਈ ਤੇ ਬੀਜ ਦੀ ਮਾਤਰਾ** : ਸਤੰਬਰ ਦੇ ਮਹੀਨੇ ਵਿੱਚ ਬੀਜੀ ਫ਼ਸਲ ਨੂੰ ਉਖੇੜਾ ਰੋਗ ਬਹੁਤ ਲੱਗਦਾ ਹੈ। ਇਸ ਲਈ ਮੈਦਾਨੀ ਇਲਾਕਿਆਂ ਵਿੱਚ ਬਿਜਾਈ ਕਰਨ ਲਈ ਸਭ ਤੋਂ ਉੱਤਮ ਸਮਾਂ ਅਕਤੂਬਰ ਦਾ ਪਹਿਲਾ ਹਫ਼ਤਾ ਹੈ। ਪ੍ਰੰਤੂ ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿੱਚ ਅਗੇਤੇ ਮਟਰ ਦੀ ਬਿਜਾਈ ਸਤੰਬਰ ਦੇ ਅਖੀਰਲੇ ਹਫ਼ਤੇ ਕੀਤੀ ਜਾਂਦੀ ਹੈ। ਮਸ਼ੀਨੀ ਬਿਜਾਈ ਲਈ ਅਗੇਤੀਆਂ ਕਿਸਮਾਂ ਦਾ 45 ਕਿਲੋ ਬੀਜ ਪ੍ਰਤੀ ਏਕੜ ਲੱਗਦਾ ਹੈ। ਹੱਥਾਂ ਨਾਲ ਬਿਜਾਈ ਕਰਨ ਤੇ ਬੀਜ ਦੀ ਮਾਤਰਾ ਘੱਟ ਲੱਗਦੀ ਹੈ। ਅਗੇਤੀਆਂ ਕਿਸਮਾਂ ਲਈ ਫ਼ਸਲਾਂ 30×7.5 ਸੈਂਟੀਮੀਟਰ ਰੱਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਮਟਰਾਂ ਦੀ ਬਿਜਾਈ ਸਮੇਂ ਠੀਕ ਵੱਤਰ ਹੋਵੇ। ਮਟਰਾਂ ਦੀ ਬਿਜਾਈ ਖਾਦ ਡਰਿੱਲ ਨਾਲ ਵੱਟਾਂ ਤੇ ਵੀ ਕੀਤੀ ਜਾ ਸਕਦੀ ਹੈ। ਇਸ ਲਈ ਵੱਟਾਂ 60 ਸੈਂਟੀਮੀਟਰ ਚੌੜੀਆਂ ਰੱਖੇ ਅਤੇ ਹਰ ਵੱਟ ਉੱਤੇ 25 ਸੈਂਟੀਮੀਟਰ ਦੂਰੀ ਦੀਆਂ ਦੋ ਕਤਾਰਾਂ ਵਿੱਚ ਬਿਜਾਈ ਕਰੋ।

**ਟੀਕੇ ਨਾਲ ਬੀਜ ਸੋਧਣਾ** : ਮਟਰਾਂ ਨੂੰ ਬਿਜਾਈ ਤੋਂ ਪਹਿਲਾਂ ਰਾਈਜੋਬੀਅਮ ਦਾ ਟੀਕਾ ਜ਼ਰੂਰ ਲਾਓ ਕਿਉਂਕਿ ਇਸ ਨਾਲ ਝਾੜ ਵੱਧ ਜਾਂਦਾ ਹੈ। ਅਗੇਤੀ ਬੀਜੀ ਫ਼ਸਲ ਨੂੰ ਉਖੇੜਾ ਰੋਗ ਬਹੁਤ ਲੱਗਦਾ ਹੈ। ਇਸ ਲਈ ਬੀਜ ਨੂੰ ਬੀਜਣ ਤੋਂ ਪਹਿਲਾਂ ਸੂਡੋਮੋਨਾਸ ਫਲੋਰੇਸੈਂਸ ਫਾਰਮੂਲੇਸ਼ਨ 15 ਗ੍ਰਾਮ ਪ੍ਰਤੀ ਕਿਲੋ ਬੀਜ ਨਾਲ ਸੋਧ ਕੇ ਬੀਜਣਾ ਚਾਹੀਦਾ ਹੈ। ਮਟਰਾਂ ਦੇ ਬੀਜ ਨੂੰ ਸੋਧਣ ਲਈ ਅੱਧੇ ਲਿਟਰ ਪਾਣੀ ਵਿੱਚ ਰਾਈਜ਼ੋਬੀਅਮ ਦੇ ਟੀਕੇ ਦਾ ਪੈਕਟ (ਇਕ ਏਕੜ ਵਾਲਾ) ਅਤੇ 675 ਗ੍ਰਾਮ ਸੁਡੋਮੋਨਾਸ ਫਲੋਰੇਸੈਂਸ ਫਾਰਮੂਲੇਸ਼ਨ ਰਲਾ ਦਿਉ। ਫਿਰ ਇਸ ਘੋਲ ਨੂੰ 45 ਕਿਲੋ ਬੀਜ ਵਿੱਚ ਚੰਗੀ ਤਰ੍ਹਾਂ ਮਿਲਾ ਦਿਉ। ਬੀਜ ਨੂੰ ਛਾਂਵੇਂ ਸੁੱਕਾ ਕੇ ਉਸੇ ਦਿਨ ਖੇਤ ਵਿੱਚ ਬੀਜੋ।

**ਖਾਦਾਂ** : ਮਟਰ ਵਾਸਤੇ ਏਕੜ ਪਿੱਛੇ 8 ਟਨ ਗੋਹੇ ਦੀ ਗਲੀ ਸੜੀ ਰੂੜੀ, 20 ਕਿਲੋ ਨਾਈਟ੍ਰੋਜਨ (45 ਕਿਲੋ ਯੂਰੀਆ) ਅਤੇ 25 ਕਿਲੋ ਫਾਸਫੋਰਸ (155 ਕਿਲੋ ਸੁਪਰਫਾਸਫੇਟ) ਬਿਜਾਈ ਤੋਂ ਪਹਿਲਾਂ ਖੇਤ ਵਿੱਚ ਪਾਉ। ਇਹ ਸਾਰੀਆਂ ਖਾਦਾਂ ਬਿਜਾਈ ਤੋਂ ਪਹਿਲਾਂ ਪਾਉਣੀਆਂ ਚਾਹੀਦੀਆਂ ਹਨ।

**ਨਦੀਨਾਂ ਦੀ ਰੋਕਥਾਮ** : ਬੀਜ ਉੱਗਣ ਤੋਂ 4 ਅਤੇ 8 ਹਫ਼ਤਿਆਂ ਪਿੱਛੋਂ ਗੋਡੀ ਕਰਕੇ ਖੇਤ ਨੂੰ ਨਦੀਨਾਂ ਤੋਂ ਮੁਕਤ ਰੱਖੋ। ਮਟਰਾਂ ਵਿੱਚ ਨਦੀਨਾਂ ਦੀ ਰੋਕਥਾਮ ਲਈ ਸਟੌਪ 30 ਤਾਕਤ (ਪੈਂਡੀਮੈਥਾਲਿਨ) ਇੱਕ ਲਿਟਰ ਜਾਂ ਐਫਾਲੋਨ 50 ਤਾਕਤ (ਲੀਨੂਰੋਨ) 500 ਗ੍ਰਾਮ ਪ੍ਰਤੀ ਏਕੜ, ਨਦੀਨ ਉੱਗਣ ਤੋਂ ਪਹਿਲਾਂ ਬਿਜਾਈ ਤੋਂ ਦੋ ਦਿਨਾਂ ਦੇ ਵਿੱਚ ਵਰਤੋਂ। ਨਦੀਨ ਨਾਸ਼ਕ ਨੂੰ 150 ਤੋਂ 200 ਲਿਟਰ ਪਾਣੀ ਵਿੱਚ ਘੋਲ ਲਵੋ ਅਤੇ ਖੇਤ ਵਿੱਚ ਇੱਕਸਰ ਛਿੜਕਾਅ ਕਰੋ। ਇਹ ਨਦੀਨ ਨਾਸ਼ਕ ਚੌੜੇ ਪੱਤੇ ਵਾਲੇ ਤੇ ਘਾਹ ਵਾਲੇ ਨਦੀਨ ਜਿਨ੍ਹਾਂ ਵਿੱਚ ਗੁੱਲੀ ਡੰਡਾ ਆਦਿ ਸ਼ਾਮਲ ਹਨ, ਉੱਤੇ ਕਾਬੂ ਪਾ ਸਕਦੇ ਹਨ।

**ਸਿੰਚਾਈ** : ਬਿਜਲੀ ਠੀਕ ਵੱਤਰ ਵਿੱਚ ਕਰੋ। ਪਹਿਲਾਂ ਪਾਣੀ ਬਿਜਾਈ ਤੋਂ 15-20 ਦਿਨ ਬਾਅਦ ਲਾਉ। ਅਗਲਾ ਪਾਣੀ ਫੁੱਲ ਆਉਣ ਤੇ ਅਤੇ ਫਿਰ ਅਗਲਾ ਫਲ ਪੈਣ ਤੇ ਜੇ ਜ਼ਰੂਰਤ ਮੁਤਾਬਕ ਲਾਉ। ਮਟਰ ਦੀ ਫ਼ਸਲ ਬਰਾਨੀ ਹਾਲਤਾਂ ਵਿੱਚ ਹੀ ਘੱਟ ਸਿੰਚਾਈਆਂ ਨਾਲ ਉਗਾਈ ਜਾ ਸਕਦੀ ਹੈ। ਜ਼ਮੀਨ ਦੀ ਕਿਸਮ ਅਤੇ ਮੌਸਮ ਮੁਤਾਬਕ ਕੁੱਲ 3-4 ਪਾਣੀਆਂ ਦੀ ਹੀ ਲੋੜ ਹੁੰਦੀ ਹੈ।

**ਤੁੜਾਈ** : ਮਟਰਾਂ ਦੀ ਤੁੜਾਈ ਸਮੇਂ ਸਿਰ ਕਰੋ ਅਤੇ ਫਲੀਆਂ ਨੂੰ ਜ਼ਿਆਦਾ ਨਾ ਪੱਕਣ ਦਿਉ। ਅਗੇਤੀਆਂ ਕਿਸਮਾਂ ਦੀਆਂ ਆਮ ਤੌਰ ਤੇ ਦੋ ਤੁੜਾਈਆਂ ਕੀਤੀਆਂ ਜਾਂਦੀਆਂ ਹਨ।

**ਕੀੜੇ** :

**ਥਰਿੱਪ (ਜੂੰ)** : ਇਹ ਕੀੜਾ ਰਸ ਚੂਸ ਕੇ ਫ਼ਸਲ ਦਾ ਬਹੁਤ ਨੁਕਸਾਨ ਕਰਦਾ ਹੈ।

**ਤਣੇ ਦੀ ਮੱਖੀ** : ਕਈ ਵਾਰ ਅਗੇਤੀ ਬੀਜੀ ਫ਼ਸਲ ਤੇ ਤਣੇ ਦੀ ਮੱਖੀ ਦਾ ਹਮਲਾ ਹੋ ਜਾਂਦਾ ਹੈ ਜਿਸ ਨਾਲ ਸਾਰੀ ਦੀ ਸਾਰੀ ਫ਼ਸਲ ਤਬਾਹ ਹੋ ਜਾਂਦੀ ਹੈ। ਇਹ ਕੀੜਾ ਬੀਜ ਉੱਗਣ ਸਮੇਂ ਫ਼ਸਲ ਦਾ ਬਹੁਤ ਨੁਕਸਾਨ ਕਰਦਾ ਹੈ। ਇਸ ਦੇ ਬਚਾਅ ਲਈ ਬੀਜ ਵਾਲੀ ਫ਼ਸਲ ਤੇ ਬਿਜਾਈ ਸਮੇਂ ਸਿਆੜਾਂ ਵਿੱਚ 10 ਕਿਲੋ ਫੁਰਾਡਾਨ 3 ਜੀ ਦਾਣੇਦਾਰ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ।

**ਬਿਮਾਰੀਆਂ** :

**ਖੇਤਾਂ ਤੇ ਜੜ੍ਹਾਂ ਅਤੇ ਗਿੱਚੀ ਦਾ ਗਲਣਾ** : ਜਿੱਥੇ ਇਹ ਰੋਗ ਵਧੇਰੇ ਲੱਗਦਾ ਹੈ ਉੱਥੇ ਮਟਰ ਦੀ ਫ਼ਸਲ ਅਗੇਤੀ ਨਾ ਬੀਜੋ ਕਿਉਂਕਿ ਅਗੇਤੀ ਫ਼ਸਲ ਨੂੰ ਰੋਗ ਜ਼ਿਆਦਾ ਲੱਗਦਾ ਹੈ। ਇਸ ਰੋਗ ਨਾਲ ਜੜ੍ਹਾਂ ਗਲ ਜਾਂਦੀਆਂ ਹਨ ਅਤੇ ਹੇਠਲੇ ਪੱਤੇ ਪੀਲੇ ਹੋ ਜਾਂਦੇ ਹਨ ਅਤੇ ਬਾਅਦ ਵਿੱਚ ਪੌਦਾ ਮਰ ਜਾਂਦਾ ਹੈ। ਬੀਜ ਨੂੰ ਬੀਜਣ ਤੋਂ ਪਹਿਲਾਂ 15 ਗ੍ਰਾਮ ਸੂਡੋਮੋਨਾਸ ਫਲੋਰੇਸੈਂਸ ਫਾਰਮੂਲੇਸ਼ਨ ਪ੍ਰਤੀ ਕਿਲੋ ਬੀਜ ਨਾਲ ਸੋਧ ਕੇ ਬੀਜਣਾ ਚਾਹੀਦਾ ਹੈ।

# ਮੋਟੋ ਪਾਵਿਆਂ ਵਾਲਾ ਮੰਜ਼ਾ

ਸਵੇਰੇ ਸਾਰ ਘਰ ਦਾ ਹਰ ਜੀਅ ਖੁਸ਼ੀ-ਖੁੱਸ਼ੀ ਪੱਬਾਂ ਭਾਰ ਫਿਰਦਾ ਹੋਇਆ ਸੀ। ਨਵੇਂ-ਨਵੇਂ ਕੱਪੜੇ ਨਿਆਣੇ ਪਹਿਨ ਕੇ ਗਲੀਆਂ ਵਿੱਚ ਦੌੜਦੇ ਫਿਰਦੇ ਸਨ। ਘਰ ਦੇ ਮੁੱਖੀ ਜਗਤਾਰ ਸਿੰਘ ਆਪਣੇ ਆਉਣ ਵਾਲੇ ਪ੍ਰਾਹੁਣਿਆਂ ਦੀ ਉਡੀਕ ਵਿੱਚ ਬੇਸਬਰੀ ਮਹਿਸੂਸ ਕਰ ਰਿਹਾ ਸੀ ਅਤੇ ਉਸਦੇ ਘਰ ਕਰਤਾਰ ਕੌਰ ਆਪਣੇ ਮਾਪਿਆਂ ਦਾ ਰਾਹ ਵਾਰ-ਵਾਰ ਦੇਖ ਰਹੀ ਸੀ, ਉਹ ਕਿਉਂ ਨਹੀਂ ਆਏ। ਸਵੇਰ ਦੇ ਕਾਰ ਰਾਹੀਂ ਚੱਲੇ ਹੋਏ ਹਨ ਪੂਰਾ ਇੱਕ ਘੰਟੇ ਦਾ ਰਸਤਾ ਹੈ ਅਤੇ ਪੁਰਾਤਨ ਸਮਾਨ ਇੱਕ ਸਟੋਰ ਵਾਲੇ ਕਮਰੇ ਵਿੱਚ ਇੱਕਠਾ ਕਰ ਦਿੱਤਾ ਗਿਆ ਸੀ ਪਰ ਇੱਕ ਮੋਟੇ ਪਾਵਿਆਂ ਵਾਲਾ ਮੰਜ਼ਾ ਜਿਸ ਨੂੰ ਸਟੋਰ ਵਾਲੇ ਕਮਰੇ ਵਿੱਚ ਰੱਖਣ ਦੀ ਜਗ੍ਹਾ ਨਹੀਂ ਸੀ। ਉਨ੍ਹਾਂ ਬਹੁਤ ਸਿਆਣਪ ਨਾਲ ਦੋਹਾਂ ਜੀਆਂ ਨੇ ਉੱਪਰ ਚੁਬਾਰੇ ਵਿੱਚ ਰੱਖ ਦਿੱਤਾ ਅਤੇ ਅਤੇ ਦੂਸਰਾ ਬਜ਼ੁਰਗ ਵਾਲਾ ਕੁੱਝ ਸਮਾਨ ਗਰੀਬ ਗੁਰਬੇ ਨੂੰ ਦੇ ਦਿੱਤਾ। ਕੁੱਝ ਬਚਿਆ ਖੁੱਚਿਆ ਸਟੋਰ ਵਾਲੇ ਕਮਰੇ ਵਿੱਚ ਟਿਕਾ ਦਿੱਤਾ। ਜਗਤਾਰ ਸਿੰਘ ਦੀ ਮਾਤਾ ਨੂੰ ਗੁਜ਼ਰਿਆਂ ਪੂਰੇ 15 ਸਾਲ ਹੋ ਗਏ ਅਤੇ ਇੱਕ ਉਸ ਦਾ ਬਾਪ ਹੀ ਉਹਨਾਂ ਕੋਲ ਸੀ।



ਜਗਜੀਤ ਸਿੰਘ ਝੱਤਰਾ,
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਉਹ ਇਕੱਲਾ ਬਰਾਂਡੇ ਵਿੱਚ ਡਾਹੇ ਮੰਜ਼ੇ ਉੱਪਰ ਲੇਟਿਆ ਰਹਿੰਦਾ ਸੀ। ਸਵੇਰ ਸ਼ਾਮ ਉਹ ਰੇਡੀਉ ਸੁਣਨ ਦਾ ਪੱਕਾ ਸਰੋਤਾ ਸੀ, ਫੇਰ ਅਖ਼ਬਾਰ ਤੇ ਵੀ ਨਜ਼ਰ ਮਾਰਨੀ ਉਸਦੀ ਪੁਰਾਣੀ ਆਦਤ ਬਰਕਰਾਰ ਸੀ। ਪੁਰਾਤਨ ਜੋ ਵੀ ਬੇਬੇ ਬਾਪੂ ਦਾ ਦਾਜ ਵਿੱਚ ਮਿਲਿਆ ਸਮਾਨ ਤਕਰੀਬਨ ਜਗਤਾਰ ਸਿੰਘ ਹੋਰਾਂ ਥਲੇ ਲਾ ਦਿੱਤਾ ਅਤੇ ਥੋੜ੍ਹਾ ਬਹੁਤਾ ਬਚਿਆ ਸਟੋਰ ਵਿੱਚ ਸੁੱਟਿਆ ਸੀ ਅਤੇ ਜਗਤਾਰ ਸਿੰਘ ਦਾ ਪਿਤਾ ਇਹ ਸਾਰਾ ਵਰਤਾਰਾ ਆਰੀ ਵਾਂਗੂੰ ਚੀਰੀ ਜਾਂਦਾ ਸੀ, ਪਰ ਬੇਵੱਸ ਕੀ ਕਰਦਾ। ਬਸ ਯਾਦ ਕਰਕੇ ਜਗਤਾਰ ਸਿੰਘ ਦੀ ਮਾਂ ਨੂੰ ਬਾਪੂ ਨਹੋਰੇ ਜਿਹੇ ਦਿਲ ਵਿੱਚ ਕੋਸਦਾ ਕਿੱਥੇ ਜਾ ਕੇ ਬੈਠ ਗਈ। ਸਭ ਬਣਾਇਆ ਆਪਣੇ ਹੱਥਾਂ ਨਾਲ ਟਿੰਡ ਫੋੜਾ ਅਲੋਪ ਕਰਕੇ ਨਵੇਂ ਸਮਾਨ ਨਾਲ ਘਰ ਭਰ ਦਿੱਤਾ ਹੈ। ਅਤੇ ਇੰਨੀ ਮਿਹਨਤ ਨਾਲ ਬਣਾਏ ਸਾਰੇ ਮੰਜ਼ੇ ਵੇਚ ਦਿੱਤੇ ਤੇ ਨਵੇਂ ਸਟਾਈਲ ਦੇ ਬੈਡ ਹੋਰ ਕੀ-ਕੀ ਲਿਖਾਂ ਛੱਤਨੀ ਚੜ੍ਹਾ ਦਿੱਤਾ। ਪਲੋ ਪਲੀ ਸਭ ਰਿਸ਼ਤੇਦਾਰ ਆ ਗਏ ਅਤੇ ਫੰਕਸ਼ਨ ਚੱਲ ਪਿਆ। ਡੀ ਜੇ ਚੱਲਣੇ ਸ਼ੁਰੂ ਹੋ ਗਏ। ਕੰਮ ਦੀ ਗੱਲ ਨਾ ਸੁਣੇ, ਜਗਤਾਰ ਸਿੰਘ ਦਾ ਬਾਪ ਇਸ ਖੜਾਕ ਤੋਂ ਦੁੱਖੀ ਹੋਇਆ ਚੁਬਾਰੇ ਜਾ ਕੇ ਮੋਟੇ ਪਾਵਿਆਂ ਵਾਲੇ ਮੰਜ਼ੇ ਤੇ ਜਾ ਬੈਠਾ। ਕਿਸੇ ਨੇ ਵੀ ਉਸ ਬਾਰੇ ਨਾ ਪੁੱਛਿਆ ਕਿੱਥੇ ਹੈ ਬਾਪੂ। ਬਾਪੂ ਮੰਜ਼ੇ 'ਤੇ ਬੈਠਾ ਪਾਵਿਆਂ ਨੂੰ ਗਹੁ ਨਾਲ ਦੇਖ ਰਿਹਾ ਸੀ। ਬਿਲਕੁਲ ਓਦਾਂ ਦੇ ਹੀ ਅੱਜ ਹਨ ਜੋ 60 ਸਾਲ ਪਹਿਲਾਂ ਦਾਜ ਵਿੱਚ ਆਏ ਸਨ ਅਤੇ ਸੋਚਦਾ ਨਵਾਂ ਨੌ ਦਿਨ ਪੁਰਾਣਾ ਸੌ ਦਿਨ। 5 ਵੱਜ ਗਏ ਸਾਰਾ ਫੰਕਸ਼ਨ ਖ਼ਤਮ ਹੋ ਗਿਆ। ਬਾਪੂ ਦੀ ਚਾਹ ਰੋਟੀ ਉੱਪਰ ਹੀ ਫੜਾ ਦਿੱਤੀ। ਸਬਰ ਸ਼ਾਂਤੀ ਨਾਲ ਬਾਪੂ ਜਗਤਾਰ ਸਿੰਘ ਦੀ ਬੇਬੇ ਨੂੰ ਯਾਦ ਕਰਕੇ ਬੋਲ ਰਿਹਾ ਸੀ ਕਰਮਾਂ ਵਾਲੀਏ ਜਿੱਥੇ ਵੀ ਤੂੰ ਹੈਂ ਉੱਥੇ ਰਾਜੀ ਬਾਜੀ ਰਹਿ। ਆਪਣੀਆਂ ਬਣਾਈਆਂ ਚੀਜ਼ਾਂ ਵਿੱਚੋਂ ਇੱਕ ਮੰਜ਼ਾ, ਜੋ ਮੋਟੇ ਪਾਵਿਆਂ ਵਾਲਾ ਦਾਜ ਦਾ ਸੀ ਉਹ ਹੀ ਤੈਨੂੰ ਉਡੀਕ ਰਿਹਾ ਹੈ। ਕਦੋਂ ਬਸੰਤ ਕੌਰ ਆਵੇਗੀ।

ਆਪਣੇ ਮਨ ਨੂੰ ਤਸੱਲੀ ਦਿੰਦਾ ਬਾਪੂ ਪੁਰਾਣੀਆਂ ਯਾਦਾਂ ਵਿੱਚ ਗੁਆਚ ਗਿਆ। ਅੱਖਾਂ ਮੀਚੀ ਬੈਠੇ ਨੂੰ ਇਕਦਮ ਅਵਾਜ਼ ਪਈ ਬਾਪੂ ਜੀ ਹੁਣ ਤਾਂ ਥੱਲੇ ਆ ਜਾਓ ਅਤੇ ਮੋਟੇ ਪਾਵਿਆਂ ਵਾਲੇ ਮੰਜ਼ੇ 'ਤੇ ਬੈਠਣ ਦੀ ਬਜਾਏ ਬੈਡ ਉੱਪਰ ਬੈਠੋ। ਅੱਖਾਂ ਖੋਲ੍ਹੀਆਂ ਤਾਂ ਜਗਤਾਰ ਸਿੰਘ ਦੇ ਘਰ ਵਾਲੀ ਖੜ੍ਹੀ ਸੀ। ਉਸ ਦੀ ਕਹੀ ਇਹ ਗੱਲ ਦਿਲ ਵਿੱਚ ਘਾਉ ਜਿਹਾ ਕਰ ਗਈ। ਉਹ ਹੌਲੀ-ਹੌਲੀ ਬਿਨਾ ਜਵਾਬ ਦਿੱਤੇ ਥੱਲੇ ਉਤਰਨ ਲੱਗਾ।

---------- ਬਾਕੀ ਸਫਾ 3 ਦੀ ----------

# ਨਿਰਯਾਤਯੋਗ ਬਾਸਮਤੀ ਦੀ ਪੈਦਾਵਾਰ ਲਈ ਸੂਝ ਨਾਲ ...

ਸ਼ਿਨਜ਼ਨ 0.3 ਜੀ (ਫਿਪਰੋਨਿਲ) ਜਾਂ 4 ਕਿੱਲੋ ਡਰਸਬਾਨ 10 ਜੀ (ਕਲੋਰਪਾਈਰੀਫਾਸ) ਪ੍ਰਤੀ ਏਕੜ ਖੜ੍ਹੇ ਪਾਣੀ ਵਿੱਚ ਛੱਟਾ ਦੇਣ ਨਾਲ ਵੀ ਕੀਤੀ ਜਾ ਸਕਦੀ ਹੈ। ਦਾਣੇਦਾਰ ਕੀਟਨਾਸ਼ਕ ਵਰਤਣ ਵੇਲੇ ਰਬੜ ਦੇ ਦਸਤਾਨੇ ਵਰਤੋਂ। ਬੂਟਿਆਂ ਦੇ ਟਿੱਡਿਆਂ (ਚਿੱਟੀ ਪਿੱਠ ਵਾਲੇ ਅਤੇ ਭੂਰੀ ਪਿੱਠ ਵਾਲੇ ਟਿੱਡੇ) ਦੀ ਰੋਕਥਾਮ ਲਈ ਆਰਥਿਕ ਕਾਗਾਰ 5 ਜਾਂ ਵੱਧ ਟਿੱਡੇ ਪ੍ਰਤੀ ਬੂਟਾ ਮਿੱਥੀ ਗਈ ਹੈ। ਇਨ੍ਹਾਂ ਟਿੱਡਿਆਂ ਦੀ ਗਿਣਤੀ ਬਹੁਤ ਤੇਜ਼ੀ ਨਾਲ ਵੱਧਦੀ ਹੈ। ਗੰਭੀਰ ਹਾਲਤਾਂ ਵਿੱਚ ਝੋਨੇ ਦੀ ਫ਼ਸਲ ਧੌੜੀਆਂ ਵਿੱਚ ਸੁੱਕਣੀ ਸ਼ੁਰੂ ਹੋ ਜਾਂਦੀ ਹੈ ਜਿਸ ਨੂੰ ਝੋਨੇ ਦਾ ਸਾੜ ਕਹਿੰਦੇ ਹਨ। ਇਨ੍ਹਾਂ ਟਿੱਡਿਆਂ ਦੀ ਆਰਥਿਕ ਕਗਾਰ ਦੇ ਹਿਸਾਬ ਨਾਲ ਸਮੇਂ ਸਿਰ ਰੋਕਥਾਮ ਕਰਨ ਲਈ 94 ਮਿਲੀਲਿਟਰ ਪੈਕਸਾਲੋਨ 10 ਐਸ ਸੀ (ਟ੍ਰਾਈਫਲੂਮੀਜ਼ੋਪਾਇਰਮ) ਜਾਂ 60 ਗ੍ਰਾਮ ਉਲਾਲਾ 50 ਡਬਲਯੂ ਜੀ (ਫਲੋਨਿਕਾਮਿਡ) ਜਾਂ 80 ਗ੍ਰਾਮ ਟੋਕਨ/ਓਸ਼ੀਨ/ ਡੋਮਿਨੇਂਟ 20 ਐਸ ਜੀ (ਡਾਇਨੋਟੈਫੂਰਾਨ) ਜਾਂ 120 ਗ੍ਰਾਮ ਚੈੱਸ 50 ਡਬਲਯੂ ਜੀ (ਪਾਈਮੈਟਰੋਜ਼ਿਨ) ਜਾਂ 400 ਮਿਲੀਲਿਟਰ ਆਰਕੈਸਟਰਾ 10 ਐਸ ਸੀ (ਬੈਂਜਪਾਇਰੀਮਿਕਸਾਨ) ਜਾਂ 300 ਮਿਲੀਲਿਟਰ ਇਮੇਜਿਨ 10 ਐਸ ਸੀ (ਫਲੂਪਾਇਰੀਮਿਨ) ਜਾਂ 800 ਮਿਲੀਲਿਟਰ ਏਕਾਲਕਸ/ਕੁਇਨਗਾਰਡ/ ਕੁਇਨਲਮਾਸ 25 ਈ ਸੀ (ਕੁਇਨਲਫਾਸ) ਜਾਂ 80 ਮਿਲੀਲਿਟਰ ਨਿੰਮ ਅਧਾਰਿਤ ਇਕੋਟਿਨ (ਅਜ਼ੈਡੀਰੈਕਟਿਨ 5%) ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

ਬਾਸਮਤੀ ਦਾ ਝੰਡਾ ਰੋਗ ਬੀਜ ਰਾਹੀਂ ਆਉਂਦਾ ਹੈ ਅਤੇ ਇਸ ਦਾ ਹਮਲਾ ਅਗੇਤੀ ਬੀਜੀ ਫ਼ਸਲ ਤੇ ਜ਼ਿਆਦਾ ਪਾਇਆ ਜਾਂਦਾ ਹੈ। ਪਨੀਰੀ ਵਿੱਚ ਇਸ ਨਾਲ ਪ੍ਰਭਾਵਿਤ ਬੂਟੇ ਪੀਲੇ ਅਤੇ ਲੰਮੇ ਹੋ ਕੇ ਸੁੱਕ ਜਾਂਦੇ ਹਨ। ਇਸ ਰੋਗ ਨਾਲ ਪ੍ਰਭਾਵਿਤ ਬੂਟੇ ਖੇਤ ਵਿੱਚ ਲਗਾਉਣ ਤੋਂ ਬਾਅਦ ਅਤੇ ਫ਼ਸਲ ਦੇ ਪੱਕਣ ਸਮੇਂ ਵੀ ਦਿਖਾਈ ਦਿੰਦੇ ਹਨ। ਇਸ ਰੋਗ ਦੀ



ਰੋਕਥਾਮ ਬੀਜ ਅਤੇ ਪਨੀਰੀ ਦੀਆਂ ਜੜ੍ਹਾਂ ਨੂੰ ਟ੍ਰਾਈਕੋਰੋਡ੍ਰਮਾ ਐਸਪੇਰੇਲਮ ਨਾਲ ਸੋਧ ਕੇ ਬੜੀ ਆਸਾਨੀ ਨਾਲ ਹੋ ਜਾਂਦੀ ਹੈ। ਪ੍ਰੰਤੂ ਬਿਮਾਰੀ ਲੱਗਣ ਤੋਂ ਬਾਅਦ ਕਿਸੇ ਵੀ ਉੱਲੀਨਾਸ਼ਕ ਨਾਲ ਇਸ ਰੋਗ ਦੀ ਰੋਕਥਾਮ ਅਸਰਦਾਰ ਨਹੀਂ ਹੁੰਦੀ। ਸ਼ੀਥ ਬਲਾਈਟ ਜੋ ਤਣੇ ਦੁਆਲੇ ਪੱਤੇ ਦੇ ਝੁਲਸ ਰੋਗ ਦੇ ਨਾਂ ਨਾਲ ਜਾਣੀ ਜਾਂਦੀ ਹੈ, ਇਸ ਦਾ ਹਮਲਾ ਧੌੜੀਆਂ ਵਿੱਚ ਹੁੰਦਾ ਹੈ ਜੋ ਆਮ ਤੌਰ ਤੇ 60 ਕੁ ਦਿਨਾਂ ਦੀ ਫ਼ਸਲ ਤੇ ਨਜ਼ਰ ਆ ਜਾਂਦਾ ਹੈ। ਇਸ ਤੋਂ ਬਚਾਅ ਲਈ ਆਪਣੇ ਖੇਤਾਂ ਦੀਆਂ ਵੱਟਾਂ ਅਤੇ ਬੰਨ੍ਹੇ ਸਾਫ ਰੱਖੋ। ਬਿਮਾਰੀ ਦੇ ਲੱਛਣ ਨਜ਼ਰ ਆਉਣ ਤੇ 600 ਗ੍ਰਾਮ ਅਵਾਂਸਰ ਗਲੋ 75 ਡਬਲਯੂ ਜੀ (ਐਜ਼ੋਕਸੀਸਟ੍ਰੋਬਿਨ+ਮੈਂਕੋਜ਼ੈਬ) ਜਾਂ 150 ਮਿਲੀਲਿਟਰ ਇਰਗਲੇਅਰ/ਪਲਸਰ 24 ਐਸ ਸੀ (ਥਾਈਫਲੂਜ਼ਾਮਾਈਡ) ਜਾਂ 200 ਮਿਲੀਲਿਟਰ ਐਮੀਸਟਾਰ ਟੋਪ 325 ਐਸ ਸੀ (ਐਜ਼ੋਕਸੀਸਟ੍ਰੋਬਿਨ+ਡਾਇਫਿਨਕੋਨਾਜ਼ੋਲ) ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਇਨ੍ਹਾਂ ਤੋਂ ਇਲਾਵਾ ਘੰਢੀ ਰੋਗ ਜੋ ਬਲਾਸਟ ਦੇ ਨਾਂ ਨਾਲ ਜਾਣੀ ਜਾਂਦੀ ਹੈ, ਦਾ ਹਮਲਾ ਪਹਿਲਾਂ ਪੱਤਿਆਂ ਉੱਪਰ ਅਤੇ ਬਾਅਦ ਵਿੱਚ ਸਤੰਬਰ-ਅਕਤੂਬਰ ਦੌਰਾਨ ਸਿੱਟੇ ਦੀ ਘੰਢੀ ਤੇ ਪਾਇਆ ਜਾਂਦਾ ਹੈ। ਜੇਕਰ ਇਸ ਬਿਮਾਰੀ ਦਾ ਹਮਲਾ ਖੇਤਾਂ ਵਿੱਚ ਸ਼ੁਰੂ ਹੋ ਜਾਵੇ ਤਾਂ ਇਸ ਤੇ ਠੱਲ੍ਹ ਪਾਉਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਬਿਮਾਰੀ ਦੇ ਵਾਧੇ ਲਈ 22 ਤੋਂ 28 ਡਿਗਰੀ ਸੈਂਟੀਗਰੇਡ ਤਾਪਮਾਨ, 90 ਪ੍ਰਤੀਸ਼ਤ ਤੋਂ ਜ਼ਿਆਦਾ ਨਮੀਂ ਅਤੇ ਮੀਂਹ ਵਾਲਾ ਮੌਸਮ ਬਹੁਤ ਅਨੁਕੂਲ ਹੁੰਦੇ ਹਨ। ਇਸ ਰੋਗ ਤੋਂ ਬਚਾਅ ਲਈ 200 ਮਿਲੀਲਿਟਰ ਐਮੀਸਟਾਰ ਟੌਪ 325 ਐਸ ਸੀ ਜਾਂ 500 ਗ੍ਰਾਮ ਇੰਡੋਫਿਲ ਜ਼ੈਡ-78, 75 ਡਬਲਯੂ ਪੀ ਦੀ ਵਰਤੋਂ ਫ਼ਸਲ ਦੇ ਗੋਭ ਵੇਲੇ ਅਤੇ ਮੁੰਜਰਾਂ ਨਿਕਲਣ ਦੇ ਸ਼ੁਰੂ ਵਿੱਚ 200 ਲਿਟਰ ਪਾਣੀ ਵਿੱਚ ਘੋਲ ਕੇ ਕਰੋ।

ਕਿਸਾਨ ਵੀਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਬਾਸਮਤੀ ਚੌਲਾਂ ਦੇ ਨਿਰਯਾਤ ਮਿਆਰਾਂ ਨੂੰ ਪੂਰਾ ਕਰਨ ਲਈ, ਹੇਠ ਦਿੱਤੇ ਮਹੱਤਵਪੂਰਣ ਤੱਥਾਂ ਦਾ ਹਮੇਸ਼ਾਂ ਧਿਆਨ ਰੱਖਣ :

1. ਖੇਤ ਵਿੱਚ ਖੜ੍ਹੀ ਫ਼ਸਲ ਦਾ ਲਗਾਤਾਰ ਨਿਰੀਖਣ ਕਰਦੇ ਰਹੋ ਤਾਂ ਜੋ ਕੀੜੇ ਜਾਂ ਬਿਮਾਰੀ ਦੇ ਹਮਲੇ ਦਾ ਸਮੇਂ ਸਿਰ ਪਤਾ ਲੱਗ ਸਕੇ।

2. ਨਾਈਟ੍ਰੋਜਨ ਖਾਦਾਂ ਦੀ ਵਰਤੋਂ ਕੇਵਲ ਸਿਫਾਰਸ਼ ਅਨੁਸਾਰ ਜਾਂ ਮਿੱਟੀ ਪਰਖ ਦੇ ਆਧਾਰ ਤੇ ਕਰੋ ਕਿਉਂਕਿ ਇਨ੍ਹਾਂ ਦੀ ਵਧੇਰੇ ਵਰਤੋਂ ਨਾਲ ਕੀੜਿਆਂ ਅਤੇ ਬਿਮਾਰੀਆਂ ਦੇ ਹਮਲੇ ਵਿੱਚ ਵਾਧਾ ਹੁੰਦਾ ਹੈ।

3. ਚੰਗੇ ਨਤੀਜਿਆਂ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਸਿਫਾਰਸ਼ ਕੀਟਨਾਸ਼ਕਾਂ/ਉੱਲੀਨਾਸ਼ਕਾਂ ਦੀ ਵਰਤੋਂ ਕਰੋ।

4. ਕੀਟਨਾਸ਼ਕਾਂ ਦੀ ਵਰਤੋਂ ਆਰਥਿਕ ਕਗਾਰ ਦੇ ਆਧਾਰ ਤੇ ਕਰੋ ਅਤੇ ਸਿੰਥੈਟਿਕ ਪਰਿਥਰਾਇਡ ਗਰੁੱਪ ਦੇ ਕੀਟਨਾਸ਼ਕਾਂ (ਜਿਵੇਂ ਕਿ ਸਾਈਪਰਮੈਥਰਿਨ, ਡੈਲਟਾਮੈਥਰਿਨ ਆਦਿ) ਦੀ ਵਰਤੋਂ ਬਿਲਕੁਲ ਨਾ ਕਰੋ ਕਿਉਂਕਿ ਇਸ ਨਾਲ ਬੂਟਿਆਂ ਦੇ ਟਿੱਡਿਆਂ ਦਾ ਹਮਲਾ ਵੱਧ ਜਾਂਦਾ ਹੈ।

5. ਉੱਲੀਨਾਸ਼ਕਾਂ ਦਾ ਅਖੀਰਲਾ ਛਿੜਕਾਅ ਪੂਸਾ ਬਾਸਮਤੀ 1847 ਅਤੇ 1509 ਕਿਸਮ ਤੇ ਪਨੀਰੀ ਖੇਤ ਵਿੱਚ ਲਗਾਉਣ ਤੋਂ 65-70 ਦਿਨਾਂ ਵਿੱਚ, ਪੂਸਾ ਬਾਸਮਤੀ 1121, ਸੀ ਐਸ ਆਰ 30, ਪੰਜਾਬ ਬਾਸਮਤੀ 7 ਅਤੇ ਪੰਜਾਬ ਬਾਸਮਤੀ 5 ਵਿੱਚ ਪਨੀਰੀ ਲਗਾਉਣ ਤੋਂ 75 ਤੋਂ 80 ਦਿਨਾਂ ਵਿੱਚ ਕਰੋ।

6. ਐਸੀਫੇਟ, ਬੂਪਰੋਫੈਜ਼ਿਨ, ਕਲੋਰਪਾਈਰੀਫਾਸ, ਪ੍ਰੋਪੀਕੋਨਾਜ਼ੋਲ, ਥਾਇਆਮੀਥਾਕਸਮ, ਪ੍ਰੋਫੈਨੋਫਾਸ, ਕਾਰਬੈਂਡਾਜ਼ਿਮ, ਟ੍ਰਾਈਸਾਈਕਲਾਜ਼ੋਲ, ਟੈਬੂਕੋਨਾਜ਼ੋਲ, ਕਾਰਬੋਫੂਰਾਨ, ਇਮੀਡਾਕਲੋਪਰਿਡ ਅਤੇ ਹੈਕਸਾਕੋਨਾਜ਼ੋਲ ਦੀ ਵਰਤੋਂ ਬਾਸਮਤੀ ਵਿੱਚ ਨਾ ਕਰੋ।

7. ਘੰਢੀ ਰੋਗ ਦੀ ਰੋਕਥਾਮ ਲਈ ਐਮੀਸਟਾਰ ਟੌਪ 325 ਐਸ ਸੀ ਜਾਂ ਇੰਡੋਫਿਲ ਜ਼ੈਡ-78, 75 ਡਬਲਯੂ ਪੀ ਦਾ ਛਿੜਕਾਅ ਕਰੋ।

8. ਫ਼ਸਲ ਦੇ ਪੱਕਣ ਸਮੇਂ ਆਖਰੀ ਚਾਰ ਹਫ਼ਤੇ ਖੇਤੀ ਰਸਾਇਣਾਂ ਦੀ ਵਰਤੋਂ ਤੋਂ ਗੁਰੇਜ਼ ਕਰੋ ਤਾਂ ਜੋ ਬਾਸਮਤੀ ਦੇ ਦਾਣਿਆਂ ਵਿੱਚ ਕੀਟਨਾਸ਼ਕ ਅਤੇ ਉੱਲੀਨਾਸ਼ਕਾਂ ਦੀ ਰਹਿੰਦ-ਖੂੰਹਦ ਦੀ ਸਮੱਸਿਆ ਨਾ ਆਵੇ।

9. ਖੇਤੀ ਰਸਾਇਣਾਂ ਦੀ ਸੁਚੱਜੀ ਵਰਤੋਂ ਸੰਬੰਧੀ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਦੇ ਮਾਹਿਰਾਂ ਨਾਲ ਸੰਪਰਕ ਰੱਖੋ।

---------- ਬਾਕੀ ਸਫਾ 2 ਦੀ ----------

# ਕਿਸਾਨ ਮੇਲਿਆਂ ਦੇ ਰੰਗ – ਸੁਧਰੇ ਬੀਜਾਂ ਦੇ ਸੰਗ

ਚਾਹੀਦਾ ਹੈ, ਤਾਂ ਜੋ ਬੀਜ ਖੇਤ ਵਿੱਚ ਪੂਰਾ ਜੰਮ ਜਾਵੇ।

ਫ਼ਸਲਾਂ ਦੀ ਕਾਸ਼ਤ ਸੰਬੰਧੀ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਲੋਂ ਹਰ ਛਿਮਾਹੀ ਪ੍ਰਕਾਸ਼ਿਤ ਕੀਤੀ ਜਾਂਦੀ ਪੁਸਤਕ ''ਪੰਜਾਬ ਦੀਆਂ ਫ਼ਸਲਾਂ ਲਈ ਸਿਫ਼ਾਰਸ਼ਾਂ'' ਅਤੇ ''ਸਬਜ਼ੀਆਂ ਦੀ ਕਾਸ਼ਤ ਲਈ ਸਿਫ਼ਾਰਿਸ਼ਾਂ'' ਨੂੰ ਵਾਚ ਲਿਆ ਜਾਵੇ।

ਕਿਸਾਨ ਮੇਲਿਆਂ ਤੋਂ ਬਾਅਦ ਹਾੜੀ ਦੀਆਂ ਫ਼ਸਲਾਂ ਅਤੇ ਸਬਜ਼ੀਆਂ ਦੇ ਬੀਜ ਕ੍ਰਿਸ਼ੀ ਵਿਗਿਆਨ ਕੇਂਦਰਾਂ, ਫ਼ਸਲਾਂ ਸਲਾਹਕਾਰ ਸੇਵਾ ਕੇਂਦਰਾਂ, ਖੇਤਰੀ ਖੋਜ ਕੇਂਦਰਾਂ, ਬੀਜ ਉਤਪਾਦਨ ਫਾਰਮਾਂ ਅਤੇ ਯੂਨੀਵਰਸਿਟੀ ਦੀ ਗੇਟ ਨੰਬਰ ਇੱਕ ਅਤੇ ਸ਼ੰਭੂ ਬਾਰਡਰ ਉੱਪਰ ਸਥਿਤ ਬੀਜਾਂ ਦੀਆਂ ਦੁਕਾਨਾਂ ਉੱਪਰ ਉਪਲੱਬਧ ਕਰਵਾ ਦਿੱਤੇ ਜਾਣਗੇ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀਆਂ ਬੀਜਾਂ ਦੀਆਂ ਦੁਕਾਨਾਂ ਸੀਜਨ ਦੌਰਾਨ ਹਫ਼ਤੇ ਦੇ ਸੱਤੇ ਦਿਨ ਖੁੱਲ੍ਹੀਆਂ ਰਹਿਣਗੀਆਂ। ਆਪਣੇ ਨਜ਼ਦੀਕੀ ਕੇਂਦਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਬੀਜ ਪ੍ਰਾਪਤ ਕਰਨ ਲਈ ਵੱਖ-ਵੱਖ ਜ਼ਿਲ੍ਹਿਆਂ ਵਿੱਚ ਸਥਾਪਿਤ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਕੇਂਦਰਾਂ ਨਾਲ ਸੰਪਰਕ ਹੇਠ ਲਿਖੇ ਨੰਬਰਾਂ ਤੇ ਕੀਤਾ ਜਾ ਸਕਦਾ ਹੈ। (ਸਾਰਣੀ-3)

ਸਾਰਣੀ 3 : ਵੱਖ-ਵੱਖ ਬੀਜ ਵਿਕਰੀ ਕੇਂਦਰਾਂ ਦੇ ਸੰਪਰਕ ਨੰਬਰ

| | |
|---|---|
| ਅੰਮ੍ਰਿਤਸਰ | 84271-55533, 34379-31021 |
| ਮੁਹਾਲੀ | 98885-21200, 95921-99277 |
| ਬਠਿੰਡਾ | 96460-00730, 98882-12003 |
| ਮੁਕਤਸਰ | 98556-03629, 89686-08691 |
| ਬਰਨਾਲਾ | 86996-09295, 79017-86017 |
| ਮਾਨਸਾ | 80734-35740, 99153-63445 |
| ਫਿਰੋਜ਼ਪੁਰ | 78328-48550, 90563-00047 |
| ਜਲੰਧਰ (ਨੂਰਮਹਿਲ) | 94788-86565, 84371-17010 |
| ਫਤਿਹਗੜ੍ਹ ਸਾਹਿਬ | 94633-55360, 99145-28836 |
| ਜਲੰਧਰ (ਜੱਲੋਵਾਲ) | 81460-88488, 84373-61137 |
| ਫਰੀਦਕੋਟ | 94176-02406, 70099-78092 |
| ਪਟਿਆਲਾ | 94633-78865, 94594-98969 |
| ਫਾਜਿਲਕਾ | 81959-50560 |
| ਬਹਾਦਰਗੜ੍ਹ | 70097-61985, 99144-62525 |
| ਗੁਰਦਾਸਪੁਰ | 78148-67289, 98145-77431 |
| ਪਠਾਨਕੋਟ | 88474-15393 |
| ਹੁਸ਼ਿਆਰਪੁਰ | 99881-81540, 81463-28119 |
| ਰੂਪਨਗਰ | 94630-25285, 98552-30509 |
| ਗੰਗੀਆਂ (ਦਸੂਹਾ) | 94172-87920, 98728-82111 |
| ਸਮਰਾਲਾ | 98721-66488, 98767-11630 |
| ਕਪੂਰਥਲਾ | 82888-97427, 98140-13044 |
| ਸੰਗਰੂਰ | 94783-29700, 97813-72819 |
| ਲੁਧਿਆਣਾ | 99147-91200 |
| ਸ਼ਹੀਦ ਭਗਤ ਸਿੰਘ ਨਗਰ | 95010-23334 |
| ਮੋਗਾ | 98776-73363, 99141-71345 |
| ਤਰਨਤਾਰਨ | 99881-50110, 89689-71345 |
| ਸ਼ੰਭੂ | 94631-10905 |

# ਸਥਿਰ ਉਤਪਾਦਨ ਲਈ ਖੇਤੀ ਖੋਜ ਦਾ ਦਿਸ਼ਾ ਨਿਰਧਾਰਣ

ਸਤਿਬੀਰ ਸਿੰਘ ਗੋਸਲ, ਵਾਈਸ ਚਾਂਸਲਰ ਅਤੇ ਅਜਮੇਰ ਸਿੰਘ ਢੱਟ, ਨਿਰਦੇਸ਼ਕ ਖੋਜ,
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ

ਪੀ. ਏ. ਯੂ. ਨੇ ਦੇਸ਼ ਵਿੱਚ ਖੇਤੀ ਖੋਜ, ਵਿਕਾਸ ਅਤੇ ਤਰੱਕੀ ਲਈ ਹਮੇਸ਼ਾਂ ਮੋਹਰੀ ਭੂਮਿਕਾ ਨਿਭਾਈ ਹੈ। ਖੇਤੀ ਅਕਾਦਮਿਕਤਾ ਅਤੇ ਪਸਾਰ ਦੇ ਖੇਤਰ ਵਿੱਚ ਉੱਘੀਆਂ ਪ੍ਰਾਪਤੀਆਂ ਕਰਨ ਦੇ ਬਾਵਜੂਦ ਯੂਨੀਵਰਸਿਟੀ ਦਾ ਯੋਗਦਾਨ ਖੇਤੀਬਾੜੀ ਅਤੇ ਬਾਗਬਾਨੀ ਫ਼ਸਲਾਂ ਦੇ ਨਾਲ-ਨਾਲ ਕਿਸਾਨੀ ਸਮਾਜ ਦੀ ਬਿਹਤਰੀ ਲਈ ਵਿਕਸਿਤ ਕੀਤੀਆਂ ਖੋਜ ਤਕਨੀਕਾਂ ਦੇ ਰੂਪ ਵਿੱਚ ਪਛਾਣਿਆ ਜਾ ਸਕਦਾ ਹੈ। ਖੋਜ ਲਗਾਤਾਰ ਗਤੀਸ਼ੀਲ ਵਰਤਾਰਾ ਹੈ ਜਿਸ ਵਿੱਚ ਅਤੀਤ ਦੇ ਤਜ਼ਰਬੇ, ਵਰਤਮਾਨ ਦਾ ਦ੍ਰਿਸ਼ ਅਤੇ ਭਵਿੱਖ ਦੀਆਂ ਆਸ਼ਾਵਾਂ ਗਤੀਮਾਨ ਰਹਿੰਦੀਆਂ ਹਨ। ਖੇਤੀ ਦੇ ਬਦਲਦੇ ਦੌਰ ਵਿੱਚ ਬਹੁਤ ਸਾਰੀਆ ਚੁਣੌਤੀਆਂ ਦੇ ਸਾਹਮਣੇ ਮੌਜੂਦਾ ਖੇਤੀ ਖੋਜ ਨੂੰ ਨਿੱਗਰ ਸਰੂਪ ਅਤੇ ਠੋਸ ਦਿਸ਼ਾ ਦੇਣ ਦੀ ਲੋੜ ਹੈ ਤਾਂ ਜੋ ਦਰਪੇਸ਼ ਚੁਣੌਤੀਆਂ ਦਾ ਹੱਲ ਸਝਉਣ ਦੇ ਨਾਲ-ਨਾਲ ਖੇਤੀ ਨੂੰ ਵਧੇਰੇ ਮੁਨਾਫ਼ੇ ਵਾਲਾ ਅਤੇ ਟਿਕਾਊ ਕਿੱਤਾ ਬਣਾਇਆ ਜਾ ਸਕੇ।

ਪੰਜਾਬ ਭਾਰਤ ਦੇ ਸਮੁੱਚੇ ਅੰਨ ਉਤਪਾਦਨ ਵਿੱਚ ਕਣਕ ਦਾ ਕਰੀਬ 16 ਪ੍ਰਤੀਸ਼ਤ ਅਤੇ ਚੌਲਾਂ ਦਾ 10 ਪ੍ਰਤੀਸ਼ਤ ਯੋਗਦਾਨ ਪਾ ਰਿਹਾ ਹੈ। ਇਸਦੇ ਨਾਲ ਹੀ ਰਾਜ ਵੱਲੋਂ ਹਰ ਵਰ੍ਹੇ 20,600 ਮੀਟਰਿਕ ਟਨ ਸ਼ਹਿਦ ਦਾ ਉਤਪਾਦਨ ਕੀਤਾ ਜਾਂਦਾ ਹੈ ਜੋ ਭਾਰਤ ਦੀ ਸ਼ਹਿਦ ਦੀ ਕੁੱਲ ਉਪਜ ਦਾ 14.1 ਪ੍ਰਤੀਸ਼ਤ ਹੈ। ਇਸਦੇ ਨਾਲ ਹੀ 19,760 ਮੀਟਰਿਕ ਟਨ ਖੁੰਬਾਂ ਦਾ ਯੋਗਦਾਨ ਦੇਸ਼ ਦੇ ਕੁੱਲ ਉਤਪਾਦਨ ਦਾ 6 ਪ੍ਰਤੀਸ਼ਤ ਬਣਦਾ ਹੈ। ਇਹਨਾਂ ਪ੍ਰਾਪਤੀਆਂ ਦੇ ਬਾਵਜੂਦ ਵੀ ਪੰਜਾਬ ਦੀ ਖੇਤੀ ਸਥਿਰਤਾ ਵਾਸਤੇ ਧਿਆਨ ਮੰਗਦੀ ਹੈ। ਦਰਪੇਸ਼ ਚੁਣੌਤੀਆਂ ਵਿੱਚ ਦਿਨੋਂ-ਦਿਨ ਡਿੱਗਦਾ ਧਰਤੀ ਹੇਠਲੇ ਪਾਣੀ ਦਾ ਪੱਧਰ, ਮਿੱਟੀ ਅਤੇ ਪਾਣੀ ਦੇ ਮਿਆਰ ਵਿੱਚ ਆ ਰਿਹਾ ਨਿਘਾਰ, ਫ਼ਸਲੀ ਵਿਭਿੰਨਤਾ, ਫ਼ਸਲੀ ਰਹਿੰਦ-ਖੂੰਹਦ ਦੀ ਸੰਭਾਲ ਦਾ ਮਸਲਾ, ਵਾਤਾਵਰਨੀ ਖਲਬਲੀ ਅਤੇ ਫ਼ਸਲਾਂ ਉੱਪਰ ਪੈਣ ਵਾਲੇ ਜੈਵਿਕ-ਅਜੈਵਿਕ ਤਨਾਵਾਂ ਨੂੰ ਦੇਖਿਆ ਜਾ ਸਕਦਾ ਹੈ। ਇਹਨਾਂ ਚੁਣੌਤੀਆਂ ਦਾ ਸਾਹਮਣਾ ਕਰਦਿਆਂ ਸਥਿਰ ਖੇਤੀ ਅਤੇ ਭੋਜਨ ਸੁਰੱਖਿਆ ਦੇ ਨਜ਼ਰੀਏ ਤੋਂ ਖੇਤੀ ਖੋਜ ਨੂੰ ਨਿੱਗਰ ਦਿਸ਼ਾ ਵੱਲ ਲਿਜਾਣ ਦੀ ਲੋੜ ਭਾਸਦੀ ਹੈ।

ਪੀ. ਏ. ਯੂ. ਵੱਲੋਂ ਕੀਤੀ ਜਾਂਦੀ ਖੇਤੀ ਖੋਜ ਨਵੀਆਂ ਕਿਸਮਾਂ/ਹਾਈਬ੍ਰਿਡਾਂ ਦੇ ਵਿਕਾਸ ਅਤੇ ਫ਼ਸਲੀ ਉਤਪਾਦਨ ਵਿੱਚ ਵਾਧੇ ਤੇ ਪੋਸ਼ਕਤਾ ਨੂੰ ਬਰਕਰਾਰ ਰੱਖਣ ਵੱਲ ਸੇਧਿਤ ਹੈ। ਕਣਕ, ਬਾਜਰਾ, ਮੱਕੀ, ਮੂੰਗੀ, ਨਰਮਾ, ਕਮਾਦ, ਗੋਭੀ ਸਰ੍ਹੋਂ, ਪਿਆਜ਼, ਖਰਬੂਜਾ, ਬੈਂਗਣ, ਮਿਰਚਾਂ, ਟਮਾਟਰ, ਕਿੰਨੂ ਆਦਿ ਫ਼ਸਲਾਂ ਦੀਆਂ ਕਿਸਮਾਂ/ਹਾਈਬ੍ਰਿਡਾਂ ਦੀ ਖੋਜ ਪੱਖੋਂ ਪੀ. ਏ. ਯੂ. ਦੇਸ਼ ਦਾ ਸਰਵੋਤਮ ਸੰਸਥਾਨ ਹੈ। ਪੀ. ਏ. ਯੂ. ਦਾ ਇਹ ਫ਼ਸਲ ਵਿਕਾਸ ਪ੍ਰੋਗਰਾਮ ਰਵਾਇਤੀ ਬਰੀਡਿੰਗ ਅਤੇ ਬਾਇਓਤਕਨਾਲੋਜੀਕਲ ਵਿਧੀਆਂ ਦਾ ਬਹੁਤ ਚੰਗਾ ਸੁਮੇਲ ਹੈ। ਇਸਦਾ ਮੁੱਖ ਮੰਤਵ ਖੇਤੀ ਅਤੇ ਬਾਗਬਾਨੀ ਕਿਸਮਾਂ ਦਾ ਝਾੜ ਵਧਾਉਣਾ ਅਤੇ ਵੱਖ-ਵੱਖ ਜੈਵਿਕ-ਅਜੈਵਿਕ ਦਬਾਵਾਂ ਦੀਆਂ ਸਹਿਣਸ਼ੀਲਤਾ ਯੋਗ ਕਿਸਮਾਂ ਪੈਦਾ ਕਰਨ ਦੇ ਨਾਲ-ਨਾਲ ਪੋਸ਼ਣ ਪੱਖੋਂ ਗੁਣਵੱਤਾ ਵਿੱਚ ਵਾਧਾ ਅਤੇ ਸਥਿਰ ਖੇਤੀ ਪ੍ਰੋਸੈਸਿੰਗ ਦਾ ਮਾਹੌਲ ਉਪਜਾਉਣਾ ਹੈ। ਹੁਣ ਤੱਕ ਯੂਨੀਵਰਸਿਟੀ ਨੇ 971 ਫ਼ਸਲਾਂ ਅਤੇ ਬਾਗਬਾਨੀ ਦੀਆਂ ਕਿਸਮਾਂ ਵਿਕਸਿਤ ਕੀਤੀਆਂ ਹਨ ਜਿਨ੍ਹਾਂ ਵਿੱਚ 254 ਰਾਸ਼ਟਰੀ ਪੱਧਰ ਤੇ ਕਾਸ਼ਤ ਲਈ ਪ੍ਰਵਾਨ ਹੋਈਆਂ। ਇਹ ਪੀ. ਏ. ਯੂ. ਦੀ ਖੇਤੀ ਖੋਜ ਦੀ ਸਿਰਮੌਰਤਾ ਦਾ ਪ੍ਰਮਾਣ ਹੈ।

ਪੰਜਾਬ ਵਿੱਚ ਝੋਨੇ ਨੂੰ ਲੱਗਣ ਵਾਲਾ ਪਾਣੀ 70 ਪ੍ਰਤੀਸ਼ਤ ਤੋਂ ਵਧੇਰੇ ਟਿਊਬਵੈੱਲਾਂ ਤੋਂ ਲਿਆ ਜਾਂਦਾ ਹੈ। ਮੌਜੂਦ ਅੰਕੜਿਆਂ ਅਨੁਸਾਰ 2017-2022 ਤੱਕ ਧਰਤੀ ਹੇਠਲੇ ਪਾਣੀ ਦਾ ਪੱਧਰ 36 ਸੈਂਟੀਮੀਟਰ ਹੇਠਾਂ ਗਿਆ। ਇਹ ਨਾ ਸਿਰਫ਼ ਕੁਦਰਤੀ ਸਰੋਤਾਂ ਪੱਖੋਂ ਖਤਰੇ ਦੀ ਘੰਟੀ ਹੈ, ਬਲਕਿ ਸੰਕੇਤ ਹੈ ਕਿ ਪਾਣੀ ਬਚਾਊ ਤਕਨੀਕਾਂ ਦੇ ਵਿਕਾਸ ਅਤੇ ਅਪਣਾਉਣ ਦਾ ਸਹੀ ਸਮਾਂ ਆ ਪਹੁੰਚਿਆ ਹੈ। ਇਸੇ ਦਿਸ਼ਾ ਵਿੱਚ ਘੱਟ ਪਾਣੀ ਦੀ ਵਰਤੋਂ ਕਰਨ ਵਾਲੀਆਂ ਥੋੜ੍ਹੇ ਅਤੇ ਦਰਮਿਆਨੇ ਸਮੇਂ ਦੀਆਂ ਝੋਨੇ ਦੀਆਂ ਕਿਸਮਾਂ ਦਾ ਵਿਕਾਸ ਹੋਇਆ ਅਤੇ ਇਹ ਜਾਰੀ ਕੀਤੀਆਂ ਗਈਆਂ। ਇਹਨਾਂ ਵਿੱਚ ਪੀ ਆਰ 126, ਪੀ ਆਰ 131 ਅਤੇ ਹੁਣੇ-ਹੁਣੇ ਜਾਰੀ ਕੀਤੀ ਗਈ ਘੱਟ ਖਾਦਾਂ ਨਾਲ ਪਲਣ ਵਾਲੀ ਪੀ ਆਰ 132 ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਸ ਨਾਲ ਨਾ ਸਿਰਫ਼ 5-6 ਸਿੰਚਾਈਆਂ ਦਾ ਪਾਣੀ ਬਚਿਆ ਬਲਕਿ ਭੋਜਨ ਸੁਰੱਖਿਆ ਪੱਖੋਂ ਵੀ ਯੋਗਦਾਨ ਪਾਇਆ ਜਾ ਸਕਿਆ ਹੈ। ਘੱਟ ਅਤੇ ਦਰਮਿਆਨੇ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਨੇ ਪੰਜਾਬ ਦੇ 70 ਪ੍ਰਤੀਸ਼ਤ ਰਕਬੇ ਉੱਪਰ ਅਧਿਕਾਰ ਕਰ ਲਿਆ ਹੈ। ਇਹਨਾਂ ਕਿਸਮਾਂ ਨਾਲ ਖੇਤ ਛੇਤੀ ਖਾਲੀ ਹੋ ਜਾਂਦੇ ਹਨ ਜਿਸ ਕਰਕੇ ਅਗਲੀਆਂ ਫ਼ਸਲਾਂ ਦੀ ਬਿਜਾਈ ਅਤੇ ਪਰਾਲੀ ਦੀ ਸੰਭਾਲ ਲਈ ਵਧੇਰੇ ਸਮਾਂ ਮਿਲ ਜਾਂਦਾ ਹੈ। ਇਸੇ ਦਿਸ਼ਾ ਵਿੱਚ ਯੂਨੀਵਰਸਿਟੀ ਨੇ ਪਾਣੀ ਦੀ ਘੱਟ ਖਪਤ ਕਰਨ ਵਾਲੀਆਂ ਫ਼ਸਲਾਂ ਦੀਆਂ ਕਿਸਮਾਂ ਵਿਕਸਿਤ ਕੀਤੀਆਂ ਹਨ ਜਿਨ੍ਹਾਂ ਵਿੱਚ ਦੇਸੀ ਛੋਲਿਆਂ ਦੀ ਕਿਸਮ ਪੀ ਡੀ ਜੀ-4, ਰਾਇਆ ਸਰ੍ਹੋਂ ਦੀ ਕਿਸਮ ਪੀ ਬੀ ਆਰ 87, ਤਾਰੇ ਮੀਰੇ ਦੀ ਕਿਸਮ ਟੀ ਐੱਮ ਐੱਲ ਸੀ-2 ਅਤੇ ਅਲਸੀ ਦੀ ਕਿਸਮ ਐੱਲ ਸੀ 2023 ਪ੍ਰਮੁੱਖ ਹਨ। ਇਹ ਕਿਸਮਾਂ ਰਾਜ ਦੇ ਸੇਂਜੂ ਖੇਤਰਾਂ ਵਿੱਚ ਕਾਸ਼ਤ ਲਈ ਢੁੱਕਵੀਆਂ ਹਨ। ਇਸਦੇ ਨਾਲ ਹੀ ਯੂਨੀਵਰਸਿਟੀ ਵੱਲੋਂ ਵਿਕਸਿਤ ਕੀਤੀਆਂ ਕਣਕ ਦੀਆਂ ਕਿਸਮਾਂ ਪੀ ਬੀ ਡਬਲਯੂ 826 ਅਤੇ ਪੀ ਬੀ ਡਬਲਯੂ 660 ਵਧੇਰੇ ਤਾਪਮਾਨ ਦਾ ਸਾਹਮਣਾ ਕਰਨ ਦੇ ਸਮਰੱਥ ਹਨ ਅਤੇ ਸੇਂਜੂ ਹਾਲਤਾਂ ਵਿੱਚ ਕਾਸ਼ਤ ਲਈ ਯੋਗ ਹਨ।

ਪਾਣੀ ਬਚਾਉਣ ਤੋਂ ਇਲਾਵਾ ਫ਼ਸਲਾਂ ਦੀਆਂ ਗੁਣਵੱਤਾ ਭਰਪੂਰ ਕਿਸਮਾਂ ਦੇ ਵਿਕਾਸ ਲਈ ਪ੍ਰੋਗਰਾਮ ਵੀ ਧਿਆਨ ਕੇਂਦਰਿਤ ਹੈ। ਵਿਸ਼ੇਸ਼ ਤੌਰ ਤੇ ਕਣਕ ਦੀ ਕਿਸਮ ਪੀ ਬੀ ਡਬਲਯੂ-1 ਚਪਾਤੀ, ਪੀ ਬੀ ਡਬਲਯੂ ਜ਼ਿੰਕ-1 ਅਤੇ ਪੀ ਬੀ ਡਬਲਯੂ ਜ਼ਿੰਕ-2 ਵਿਸ਼ੇਸ਼ ਤੌਰ ਤੇ ਪੋਸ਼ਕ ਅਤੇ ਰੋਟੀ ਬਨਾਉਣ ਦੇ ਗੁਣਾਂ ਨਾਲ ਭਰਪੂਰ ਹਨ। ਇਸੇ ਤਰ੍ਹਾਂ ਪੀ ਬੀ ਡਬਲਯੂ ਬਿਸਕੁਟ-1 ਖਾਸ ਤੌਰ ਤੇ ਬਿਸਕੁਟ ਬਨਾਉਣ ਲਈ ਢੁੱਕਵੀਂ ਹੈ। ਪੀ ਬੀ ਡਬਲਯੂ ਆਰ ਐੱਸ-1 ਸਟਾਰਚ ਦੀ ਪ੍ਰਤੀਰੋਧੀ ਹੋਣ ਕਾਰਨ ਸ਼ੂਗਰ ਦੇ ਮਰੀਜ਼ਾਂ ਲਈ ਖਾਸ ਗੁਣਾਂ ਵਾਲੀ ਅਤੇ ਜੌਂ ਦੀ ਪੀ ਐੱਲ 891, ਜਿਸ ਵਿੱਚ ਜ਼ਿਆਦਾ ਬੀਟਾ ਗੁਲੂਕੋਨ ਹੋਣ ਕਰਕੇ ਦਿਲ ਦੇ ਮਰੀਜ਼ਾਂ ਲਈ ਲਾਹੇਵੰਦ ਹੈ। ਬਾਜਰੇ ਦੀ ਕਿਸਮ ਪੀ ਬੀ ਸੀ-167 ਕਰੂਡ ਪ੍ਰੋਟੀਨ ਅਤੇ ਫਾਈਬਰ ਦੇ ਗੁਣਾਂ ਕਾਰਨ ਵਧੇਰੇ ਪੋਸ਼ਕ ਅਤੇ ਗੋਭੀ ਸਰ੍ਹੋਂ ਦੀ ਕਿਸਮ ਜੀ ਐੱਸ ਸੀ-7 ਦੂਹਰੇ ਕਨੋਲਾ ਗੁਣਾਂ ਵਾਲੀ ਹੈ ਜੋ ਖਪਤਕਾਰ ਦੀ ਸਿਹਤ ਦੇ ਲਾਭ ਨੂੰ ਧਿਆਨ ਵਿੱਚ ਰੱਖ ਕੇ ਵਿਕਸਿਤ ਕੀਤੀ ਗਈ ਹੈ। ਨਾਲ ਹੀ ਇਹ ਕਿਸਮ ਫ਼ਸਲੀ ਵਿਭਿੰਨਤਾ ਪ੍ਰੋਗਰਾਮ ਲਈ ਵੀ ਢੁੱਕਵੀਂ ਹੈ। ਪ੍ਰੋਸੋ ਮਿਲਟ ਦੀ ਕਿਸਮ ਪੰਜਾਬ ਚੀਨਾ-1 ਨਾ ਸਿਰਫ਼ ਘੱਟ ਪਾਣੀ ਨਾਲ ਕਾਸ਼ਤ ਕਰਨ ਯੋਗ ਹੈ, ਬਲਕਿ ਇਸਦੀ ਪੋਸ਼ਕਤਾ ਵਿਸ਼ੇਸ਼ ਗੁਣਾਂ ਵਜੋਂ ਲਾਹੇਵੰਦ ਹੈ। ਪੀ. ਏ. ਯੂ. ਮਗਜ਼ ਕੱਦੂ-1 ਓਮੇਗਾ 6 ਫੈਟੀ ਐਸਿਡ, ਗਾਜਰ ਦੀ ਪੰਜਾਬ ਬਲੈਕ ਬਿਊਟੀ ਆਇਰਨ ਅਤੇ ਐਂਥੋਸਾਇਨਿੰਜ਼, ਪੰਜਾਬ ਰੋਸ਼ਨੀ ਅਤੇ ਪੰਜਾਬ ਜਾਮਣੀ ਵਧੇਰੇ ਲਿਊਟਿਨ ਅਤੇ ਬੀਟਾ ਕੈਰਾਟੀਨ ਗੁਣਾਂ ਨਾਲ ਭਰਪੂਰ ਹਨ। ਟਮਾਟਰ ਦੀ ਕਿਸਮ ਪੰਜਾਬ ਚੈਰੀ ਅਤੇ ਪੰਜਾਬ ਸਵਰਨਾ ਵਧੇਰੇ ਲਾਈਕੋਪੀਨ ਅਤੇ ਬੀਟਾ ਕੈਰੋਟੀਨ ਗੁਣਾਂ ਨਾਲ ਭਰਪੂਰ ਹਨ। ਹੁਣੇ-ਹੁਣੇ ਜਾਰੀ ਹੋਈਆਂ ਡਰੈਗਨ ਫ਼ਰੂਟ ਦੀਆਂ ਕਿਸਮਾਂ ਰੈੱਡ ਡਰੈਗਨ-1 ਅਤੇ ਵਾਈਟ ਡਰੈਗਨ-1 ਰੋਗਾਂ ਨਾਲ ਲੜਨ ਦੀ ਸਮਰੱਥਾ ਵਾਲੇ ਗੁਣਾਂ ਜਿਵੇਂ ਬੀਟਾ





ਕੈਰੋਟੀਨ, ਲਾਈਕੋਪੀਨ, ਵਿਟਾਮਿਨ ਸੀ ਅਤੇ ਈ ਅਤੇ ਜ਼ਰੂਰੀ ਖਣਿਜਾਂ ਜਿਵੇਂ ਕੈਲਸ਼ੀਅਮ ਅਤੇ ਫਾਸਫੋਰਸ ਦੇ ਗੁਣਾਂ ਵਾਲੀਆਂ ਹਨ।

ਉੱਨਤ ਕਿਸਮਾਂ ਦੇ ਵਿਕਾਸ ਦੇ ਨਾਲ-ਨਾਲ ਉਤਪਾਦਨ ਤਕਨੀਕਾਂ ਦੀ ਖੋਜ ਨੇ ਜਿੱਥੇ ਮੁੱਖ ਫ਼ਸਲਾਂ ਦੀ ਉਤਪਾਦਕਤਾ ਵਿੱਚ ਵਾਧਾ ਕੀਤਾ ਉੱਥੇ ਆਰਥਿਕ ਤੌਰ ਤੇ ਵਧੇਰੇ ਮੁਨਾਫੇ ਦਾ ਮਾਹੌਲ ਵੀ ਬਣਿਆ। ਇਹਨਾਂ ਕਿਸਮਾਂ ਦੇ ਵਿਕਾਸ ਤੋਂ ਇਲਾਵਾ ਫ਼ਸਲ ਵਿਗਿਆਨਕ ਤਕਨਾਲੋਜੀਆਂ ਜਿਵੇਂ ਬਿਜਾਈ ਦਾ ਸਮਾਂ, ਵਹਾਈ ਦੀ ਲੋੜ, ਫ਼ਸਲ ਦੀ ਘਣਤਾ, ਸਿੰਚਾਈ ਦੀ ਵਿਉਂਤਬੰਦੀ, ਸੰਯੁਕਤ ਪੋਸ਼ਕ ਪ੍ਰਬੰਧ ਅਤੇ ਖੇਤੀ ਲਾਗਤਾਂ ਦੀ ਢੁੱਕਵੀਂ ਵਰਤੋਂ ਆਦਿ ਬਾਰੇ ਵੀ ਵੱਖ-ਵੱਖ ਫ਼ਸਲਾਂ ਦੇ ਸੰਦਰਭ ਵਿੱਚ ਖੋਜ ਕੀਤੀ ਗਈ। ਸਿੱਟੇ ਵਜੋਂ ਪੰਜਾਬ ਦੇ ਵੱਖ-ਵੱਖ ਖੇਤੀ ਮੌਸਮ ਹਾਲਾਤ ਅਤੇ ਫ਼ਸਲੀ ਚੱਕਰ ਲਈ ਢੁੱਕਵੀਆਂ ਕਿਸਮਾਂ ਦੀ ਸਿਫ਼ਾਰਸ਼ ਹੋਈ। ਸੂਖਮ ਸਿੰਚਾਈ ਤਕਨਾਲੋਜੀਆਂ ਜਿਵੇਂ ਤੁਪਕਾ ਅਤੇ ਫੁਹਾਰਾ ਸਿੰਚਾਈ ਪ੍ਰਬੰਧ, ਲੇਜ਼ਰ ਲੈਵਲਿੰਗ ਅਤੇ ਟੈਂਸ਼ੀਓਮੀਟਰ ਅਧਾਰਿਤ ਵਿਉਂਤਬੰਦੀ ਆਦਿ ਸਿਫ਼ਾਰਸ਼ ਕੀਤੀਆਂ ਗਈਆਂ। ਇਸ ਨਾਲ ਪਾਣੀ ਦੀ ਘੱਟ ਵਰਤੋਂ ਦੀ ਤਕਨੀਕ ਕਿਸਾਨਾਂ ਤੱਕ ਪਹੁੰਚਾਈ ਗਈ। ਝੋਨੇ ਵਿੱਚ ਸੁਕਾ ਕੇ ਪਾਣੀ ਲਾਉਣ ਦੀ ਸਿਫ਼ਾਰਸ਼ ਕੀਤੀ ਤਕਨੀਕ ਬੇਹੱਦ ਕਾਰਗਰ ਸਾਬਿਤ ਹੋਈ ਅਤੇ ਇਸ ਨੇ ਮੀਥੇਨ ਗੈਸ ਦੀ ਪੈਦਾਵਾਰ ਨੂੰ ਘਟਾਇਆ। ਖੇਤੀ ਰਹਿੰਦ-ਖੂੰਹਦ ਦੀ ਵਰਤੋਂ ਦੀਆਂ ਤਕਨਾਲੋਜੀਆਂ ਦੇ ਖੋਜ ਨਤੀਜੇ ਦੀ ਸਿਫ਼ਾਰਸ਼ ਕੀਤੇ ਗਏ ਜਿਵੇਂ ਕਿ ਮਲਚਿੰਗ ਦੁਆਰਾ ਮਿੱਟੀ ਦੀ ਨਮੀ ਨੂੰ ਸਾਂਭਣ ਲਈ ਵੱਖ-ਵੱਖ ਫ਼ਸਲਾਂ ਵਿੱਚ ਸਿਫ਼ਰਿਸ਼ ਕੀਤੇ। ਮੀਂਹ ਦੇ ਪਾਣੀ ਦੀ ਸੰਭਾਲ ਦਾ ਢਾਂਚਾ ਰਾਜ ਦੇ ਘੱਟ ਪਾਣੀ ਵਾਲੇ ਇਲਾਕਿਆਂ ਜਿਵੇਂ ਕੰਢੀ ਵਿੱਚ ਵਰਤੋਂ ਲਈ ਕਾਰਗਰ ਸਿੱਧ ਹੋਇਆ। ਯੂਨੀਵਰਸਿਟੀ ਦੇ ਝੋਨੇ ਦੀ ਸਿੱਧੀ ਬਿਜਾਈ ਤਕਨਾਲੋਜੀ ਸਿਫ਼ਾਰਸ਼ ਕੀਤੀ ਜਿਸ ਨਾਲ ਰਵਾਇਤੀ ਤਰੀਕੇ ਦੇ ਮੁਕਾਬਲੇ 10-20 ਫ਼ੀਸਦੀ ਪਾਣੀ ਦੀ ਬੱਚਤ ਹੁੰਦੀ ਹੈ। ਰਾਜ ਭਰ ਦੇ ਕਿਸਾਨਾਂ ਨੇ ਇਸ ਤਕਨਾਲੋਜੀ ਨੂੰ ਅਪਨਾਇਆ। ਇਸ ਤੋਂ ਇਲਾਵਾ ਪੀ. ਏ. ਯੂ. ਨੇ ਵਾਤਾਵਰਨ ਪੱਖੀ ਤਕਨੀਕਾਂ ਸਿਫ਼ਾਰਸ਼ ਕੀਤੀਆਂ ਜਿਨ੍ਹਾਂ ਵਿੱਚ ਪਰਾਲੀ ਤੋਂ ਬਾਇਓਗੈਸ ਉਤਪਾਦਨ, ਜ਼ੀਰੋ ਟਿਲੇਜ ਅਤੇ ਖੇਤ ਵਿੱਚ ਪਰਾਲੀ ਦੀ ਸੰਭਾਲ ਦੀਆਂ ਬਹੁਤ ਸਾਰੀਆਂ ਤਕਨੀਕਾਂ ਜਿਵੇਂ ਸਰਫੇਸ ਸੀਡਰ, ਹੈਪੀਸੀਡਰ, ਸੁਪਰ ਐੱਸ ਐੱਮ ਐੱਸ ਅਤੇ ਪੀ.ਏ.ਯੂ. ਸਮਾਰਟ ਸੀਡਰ ਸ਼ਾਮਿਲ ਹਨ।

ਜਦੋਂ ਵੀ ਕਿਸਾਨਾਂ ਨੂੰ ਫ਼ਸਲਾਂ ਅਤੇ ਸਬਜ਼ੀਆਂ ਦੇ ਮਿਆਦੀ ਬੀਜਾਂ ਦੀ ਉਪਲੱਬਧਤਾ ਦੀ ਗੱਲ ਆਉਂਦੀ ਹੈ ਤਾਂ ਪੀ. ਏ. ਯੂ. ਹਮੇਸ਼ਾਂ ਉਸਾਰੂ ਭੂਮਿਕਾ ਲਈ ਤਿਆਰ-ਬਰ-ਤਿਆਰ ਰਹਿੰਦੀ ਹੈ। ਫਿਰ ਚਾਹੇ ਟਿਸ਼ੂ ਕਲਚਰ ਅਧਾਰਿਤ ਆਲੂਆਂ ਦੇ ਬੀਜ ਹੋਣ, ਫ਼ਲਾਂ ਦੇ ਬੂਟੇ ਹੋਣ ਅਤੇ ਵਣ ਰੁੱਖ ਜਾਂ ਜੀਵਾਣੂੰ ਖਾਦਾਂ ਦੀ ਗੱਲ ਹੋਵੇ। ਆਪਣੇ ਉੱਚ ਪੱਧਰੀ ਮਿਆਰ ਕਾਰਨ ਯੂਨੀਵਰਸਿਟੀ ਦੇ ਬੀਜ ਰਾਜ ਦੇ ਕਿਸਾਨਾਂ ਦੀ ਹੀ ਨਹੀਂ ਬਲਕਿ ਆਸ-ਪਾਸ ਦੇ ਸੂਬਿਆਂ ਦੇ ਕਾਸ਼ਤਕਾਰਾਂ ਦੀ ਪਹਿਲੀ ਪਸੰਦ ਬਣੇ ਰਹਿੰਦੇ ਹਨ। ਕਣਕ, ਝੋਨਾ, ਮੱਕੀ, ਚਾਰੇ, ਦਾਲਾਂ, ਨਰਮਾ, ਆਲੂ ਅਤੇ ਹਲਦੀ ਸਮੇਤ 2001-02 ਵਿੱਚ 46,020 ਕੁਇੰਟਲ ਬੀਜ ਕਿਸਾਨਾਂ ਨੂੰ ਦਿੱਤੇ ਗਏ ਸਨ ਜਦਕਿ 2010-11 ਵਿੱਚ ਇਹ ਮਿਕਦਾਰ 59,482 ਕੁਇੰਟਲ ਹੋ ਗਈ। 2024-25 ਵਿੱਚ ਇਹ ਮਾਤਰਾ 73,294 ਕੁਇੰਟਲ ਤੱਕ ਅਪੜ ਗਈ। ਯੂਨੀਵਰਸਿਟੀ ਕੋਲ ਫ਼ਲਾਂ ਦੀਆਂ ਕਿਸਮਾਂ ਜਿਵੇਂ ਕਿੰਨੂ ਆਦਿ ਦੇ ਨਿਰੋਗੀ ਪੌਦੇ ਕਿਸਾਨਾਂ ਤੱਕ ਪਹੁੰਚਾਉਣ ਦੀ ਸਮਰੱਥਾ ਹੈ। ਇਸ ਤੋਂ ਇਲਾਵਾ ਐਰੋਪੋਨਿਕਸ ਤਕਨੀਕ ਨਾਲ ਆਲੂਆਂ ਨੂੰ ਮਿੰਨੀ ਟਿਊਬਰਾਂ ਵਿੱਚ ਪੈਦਾ ਕਰਨ ਦੀ ਯੋਜਨਾ ਵੀ ਤਿਆਰ ਕਰ ਲਈ ਗਈ ਹੈ।

ਖੇਤ ਅਤੇ ਬਾਗਬਾਨੀ ਫ਼ਸਲਾਂ ਦੇ ਉੱਪਰ ਪੈਣ ਵਾਲੇ ਜੈਵਿਕ ਅਤੇ ਅਜੈਵਿਕ ਦਬਾਵਾਂ ਦਾ ਸਾਹਮਣਾ ਕਰਨ ਲਈ ਯੂਨੀਵਰਸਿਟੀ ਬਹੁਤ ਨਿੱਗਰ ਖੋਜ ਪ੍ਰੋਗਰਾਮ ਨੂੰ ਅੰਜਾਮ ਦੇ ਰਹੀ ਹੈ। ਬਿਮਾਰੀਆਂ ਅਤੇ ਕੀੜਿਆਂ ਦਾ ਸਾਹਮਣਾ ਕਰਨ ਵਾਲੀਆਂ ਕਿਸਮਾਂ (ਕੁੰਗੀਆਂ ਮੁਕਤ ਕਣਕ ਦੀਆਂ ਕਿਸਮਾਂ, ਬੈਕਟੀਰੀਅਲ ਬਰਾਈਟ, ਪ੍ਰਤੀਰੋਧਕ ਝੋਨੇ ਦੀਆਂ ਕਿਸਮਾਂ, ਨੈੱਕ ਬਲਾਸਟ ਪ੍ਰਤੀਰੋਧੀ ਬਾਸਮਤੀ ਅਤੇ ਟਰਾਂਸਜੈਨਿਕ ਨਰਮਾ) ਤੋਂ ਲੈ ਕੇ ਵਾਤਾਵਰਨ ਪੱਖੀ ਫ਼ਸਲਾਂ ਦੀਆਂ

ਬਾਕੀ ਸਫਾ 10 'ਤੇ




# ਪੰਜਾਬ ਵਿੱਚ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ

ਇੱਕ ਪਾਸੇ ਪੰਜਾਬ ਹੜ੍ਹਾਂ ਦੀ ਮਾਰ ਹੇਠ ਹੈ ਪਰ ਫਿਰ ਵੀ ਪੰਜਾਬ ਵਿੱਚੋਂ ਝੋਨੇ ਦੀ ਸਰਕਾਰੀ ਖ਼ਰੀਦ ਕੱਲ੍ਹ 16 ਸਤੰਬਰ ਤੋਂ ਸ਼ੁਰੂ ਹੋ ਗਈ ਹੈ। ਕਿਉਕਿ ਪੰਜਾਬ ਦੇ ਜਿਹੜੇ ਇਲਾਕਿਆਂ ਵਿੱਚ ਹੜ੍ਹ ਨਹੀਂ ਆਏ ਉਨ੍ਹਾਂ ਵਿੱਚੋਂ ਕਈ ਥਾਵਾਂ 'ਤੇ ਲਗਾਤਾਰ ਬਰਸਾਤਾਂ ਦੇ ਬਾਵਜੂਦ ਵੀ ਝੋਨੇ ਦੀ ਫ਼ਸ ਲ ਦੀ ਕਟਾਈ ਹੋਣ ਦੀ ਉਮੀਦ ਹੈ। ਗੌਰਤਲਬ ਹੈ ਕਿ ਪਿੱਛਲੇ ਕੁੱਝ ਦਿਨਾਂ ਤੋਂ ਮੰਡੀਆਂ ਵਿੱਚ ਬਾਸਮਤੀ ਝੋਨੇ ਦੀ ਆਮਦ ਤੇਜ਼ ਹੋ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਰਾਜ ਸਰਕਾਰ ਨੇ ਝੋਨੇ ਦੀ ਖ਼ਰੀਦ ਲਈ 49987 ਕਰੋੜ ਰੁਪਏ ਤੋਂ ਵੀ ਵਧੇਰੇ



ਦੀ ਕੈਸ਼ ਕਰੈਡਿਟ ਲਿਮਟ (ਕਰਜ਼ਾ ਹੱਦ) ਦਾ ਇੰਤਜ਼ਾਮ ਕੀਤਾ ਹੈ। ਮੰਡੀਕਰਨ ਬੋਰਡ ਅਤੇ ਪੰਜਾਬ ਖ਼ੁਰਾਕ ਸਪਲਾਈ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਪੰਜਾਬ ਦੀਆਂ ਮੰਡੀਆਂ ਵਿੱਚ ਝੋਨੇ ਦੀ ਖ਼ਰੀਦ ਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਪੰਜਾਬ ਵਿੱਚ ਇਸ ਸਾਲ ਕਰੀਬ 79 ਲੱਖ ਏਕੜ ਵਿੱਚ ਝੋਨੇ ਦੀ ਬਿਜਾਈ ਕੀਤੀ ਗਈ ਹੈ।

## ਪੰਜਾਬ ਸਰਕਾਰ ਖ਼ਰੀਦੇਗੀ 190 ਲੱਖ ਮੀਟ੍ਰਿਕ ਟਨ ਝੋਨਾ

ਪੰਜਾਬ ਸਰਕਾਰ ਵਲੋਂ ਭਾਰਤ ਸਰਕਾਰ ਲਈ 173 ਲੱਖ ਮੀਟਰਕ ਟਨ ਝੋਨੇ ਦੀ ਖ਼ਰੀਦ ਕੀਤੀ ਜਾਵੇਗੀ ਜਦੋਂਕਿ ਪੰਜਾਬ ਸਰਕਾਰ ਕੁੱਲ 190 ਲੱਖ ਮੀਟਰਕ ਟਨ ਝੋਨੇ ਦੀ ਖ਼ਰੀਦ ਕਰੇਗੀ। ਪ੍ਰਾਪਤ ਸੂਚਨਾਵਾਂ ਅਨੁਸਾਰ ਪੰਜਾਬ ਵਿੱਚ ਪੱਕੀਆਂ ਮੰਡੀਆਂ ਸਮੇਤ ਕੁੱਲ 2822 ਰੈਗੂਲਰ ਖ਼ਰੀਦ ਕੇਂਦਰ ਹਨ ਜਦੋਂ ਕਿ 700 ਆਰਜ਼ੀ ਖ਼ਰੀਦ ਕੇਂਦਰ ਵੀ ਖੋਲ੍ਹੇ ਜਾ ਰਹੇ ਹਨ। ਪੰਜਾਬ ਵਿੱਚ ਮੌਜੂਦ 4850 ਚਾਵਲ ਮਿੱਲਾਂ ਵਿੱਚ ਝੋਨਾ ਭੰਡਾਰ ਕਰਨ ਲਈ ਲੋੜੀਂਦੀ ਜਗ੍ਹਾ ਉਪਲਬਧ ਕਰਵਾਈ ਗਈ ਹੈ। ਪੰਜਾਬ ਸਰਕਾਰ ਵਲੋਂ ਸ਼ੁਰੂਆਤੀ ਦੌਰ ਵਿੱਚ 5 ਲੱਖ ਗੱਠਾਂ ਬਾਰਦਾਨਾ ਵੀ ਮੁਹੱਈਆ ਕਰਵਾਇਆ ਗਿਆ ਹੈ। ਪੰਜਾਬ ਸਰਕਾਰ ਵਲੋਂ ਹਾਲ ਦੀ ਘੜੀ 30 ਨਵੰਬਰ ਤੱਕ ਝੋਨੇ ਦੀ ਸਰਕਾਰੀ ਖ਼ਰੀਦ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ ਹੈ।

## ਪਨਗਰੇਨ ਸਭ ਤੋਂ ਵੱਧ ਤੇ ਐਫ. ਸੀ. ਆਈ. ਸਭ ਤੋਂ ਘੱਟ ਝੋਨਾ ਖ਼ਰੀਦੇਗੀ

ਪ੍ਰਾਪਤ ਅੰਕੜਿਆਂ ਅਨੁਸਾਰ ਭਾਵੇਂ ਪੰਜਾਬ ਸਰਕਾਰ ਦੀਆਂ ਏਜੰਸੀਆਂ ਵੀ ਝੋਨੇ ਦੀ 95 ਫ਼ੀਸਦੀ ਖ਼ਰੀਦ ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਲਈ ਹੀ ਕਰਨਗੀਆਂ। ਪਰ ਪੰਜਾਬ ਦੀਆਂ ਮੰਡੀਆਂ ਵਿੱਚੋਂ ਐਫ. ਸੀ. ਆਈ. ਸਿੱਧੇ ਰੂਪ ਵਿੱਚ ਸਿਰਫ਼ 5 ਫ਼ੀਸਦੀ ਝੋਨਾ ਹੀ ਖ਼ਰੀਦੇਗੀ ਜਦੋਂ ਕਿ ਪੰਜਾਬ ਦੀ ਏਜੰਸੀ ਪਨਗਰੇਨ ਸਭ ਤੋਂ ਵੱਧ 34 ਫ਼ੀਸਦੀ ਝੋਨੇ ਦੀ ਖ਼ਰੀਦ ਕਰੇਗੀ। ਦੂਜੇ ਨੰਬਰ ਤੇ ਮਾਰਕਫੈੱਡ 26 ਫ਼ੀਸਦੀ, ਪਨਸਪ 22 ਫ਼ੀਸਦੀ ਅਤੇ ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ 13 ਫ਼ੀਸਦੀ ਸਰਕਾਰੀ ਝੋਨੇ ਦੀ ਖ਼ਰੀਦ ਕਰੇਗੀ।

## ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਵਿੱਚ ਪ੍ਰਬੰਧ ਮੁਕੰਮਲ

ਇਸ ਦੌਰਾਨ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਖੰਨਾ ਵਿੱਚ ਝੋਨੇ ਦੀ ਖ਼ਰੀਦ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਅੱਜ ਖੰਨਾ ਦੇ ਐਸ. ਡੀ. ਐਮ. ਡਾ. ਬਲਵਿੰਦਰ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਮਾਰਕੀਟ ਕਮੇਟੀ ਦੇ ਚੇਅਰਮੈਨ ਜਗਤਾਰ ਸਿੰਘ ਰਤਨਹੇੜੀ ਅਤੇ ਸਕੱਤਰ ਕਮਲਦੀਪ ਸਿੰਘ ਨੇ ਸਰਕਾਰ ਖ਼ਰੀਦ ਏਜੰਸੀਆਂ ਦੇ ਪ੍ਰਤੀਨਿਧਾਂ ਨਾਲ ਮੀਟਿੰਗ ਕੀਤੀ ਅਤੇਮੀਟਿੰਗ ਬਾਅਦ ਦੱਸਿਆ ਕਿ ਖੰਨਾ ਮੰਡੀ ਵਿੱਚ ਖ਼ਰੀਦ ਦੇ ਸਾਰੇ ਪ੍ਰਬੰਧ ਮੁਕੰਮਲ ਹਨ। ਇਸ ਮੌਕੇ ਉਨ੍ਹਾਂ ਨਾਲ ਆੜ੍ਹਤੀ ਐਸੋ. ਦੇ ਪ੍ਰਧਾਨ ਹਰਬੰਸ ਸਿੰਘ ਰੋਸ਼ਾ, ਜਨਰਲ ਸਕੱਤਰ ਯਾਦਵਿੰਦਰ ਸਿੰਘ ਲਿਬੜਾ ਅਤੇ ਆੜ੍ਹਤੀ ਨੇਤਾ ਸੁਖਵਿੰਦਰ ਸਿੰਘ ਬੈਨਪਾਲ ਵੀ ਹਾਜ਼ਰ ਸਨ।

# ਔਰਤਾਂ ਲਈ ਵਰਦਾਨ : ਸਵੈ-ਸਹਾਇਤਾ ਸਮੂਹ

ਮਨਦੀਪ ਸ਼ਰਮਾ ਅਤੇ ਮਨਜੋਤ ਕੌਰ, ਪਸਾਰ ਸਿੱਖਿਆ ਅਤੇ ਸੰਚਾਰ ਪ੍ਰਬੰਧਨ ਵਿਭਾਗ,
ਪੀ. ਏ. ਯੂ., ਲੁਧਿਆਣਾ ਮੋਬਾਇਲ : 98780-44359

**ਸਵੈ-ਸਹਾਇਤਾ ਸਮੂਹ ਔਰਤਾਂ ਲਈ, ਖਾਸ ਕਰਕੇ ਪੇਂਡੂ ਔਰਤਾਂ ਲਈ ਇੱਕ ਵਰਦਾਨ ਹੈ । ਕਿਉਂਕਿ ਉਹ ਆਪਣੇ ਇਕੱਠੇ ਕੀਤੇ ਪੈਸੇ ਨਾਲ ਸਿਲਾਈ-ਕਢਾਈ-ਬੁਣਾਈ, ਸਜਾਵਟੀ ਵਸਤੂਆਂ ਬਣਾਉਣਾ, ਅਚਾਰ, ਚੱਟਣੀਆਂ, ਸ਼ਰਬਤ, ਸਕੈਸ਼, ਮੁਰੱਬਾ ਬਣਾਉਣਾ ਅਤੇ ਹੋਰ ਬਹੁਤ ਸਾਰੇ ਕੰਮਾਂ ਨੂੰ ਛੋਟੇ ਪੱਧਰ ਤੇ ਸ਼ੁਰੂ ਕਰ ਸਕਦੀਆਂ ਹਨ । ਜਿਸ ਨਾਲ ਉਹ ਆਪਣੇ ਪਰਿਵਾਰ ਦੀ ਆਮਦਨ ਵਿੱਚ ਹਿੱਸਾ ਪਾ ਸਕਦੀਆਂ ਹਨ ।**

ਇੱਕੋ ਜਿਹੇ ਸਮਾਜਿਕ-ਆਰਥਿਕ ਗੁਣਾਂ ਵਾਲੇ, ਇੱਕੋ ਇਲਾਕੇ ਵਿੱਚ ਰਹਿਣ ਵਾਲੇ ਅਤੇ ਇੱਕੋ ਜਾਤੀ ਜਾਂ ਕਿੱਤੇ ਨਾਲ ਸੰਬੰਧਿਤ ਲੋਕਾਂ ਦੇ ਇੱਕ ਸਵੈ-ਇੱਛਤ ਸੰਗਠਨ ਨੂੰ ਸਵੈ-ਸਹਾਇਤਾ ਸਮੂਹ ਕਿਹਾ ਜਾਂਦਾ ਹੈ । ਇਹਨਾਂ ਸਮੂਹਾਂ ਵਿੱਚ 12 ਤੋਂ 20 ਔਰਤਾਂ ਜਾਂ ਮਰਦ ਕਿਸੇ ਸਾਂਝੇ ਉਦੇਸ਼ ਨੂੰ ਪੂਰਾ ਕਰਨ ਲਈ ਇਕੱਤਰ ਹੁੰਦੇ ਹਨ । ਸਵੈ-ਸਹਾਇਤਾ ਸਮੂਹਾਂ ਦੇ ਕੁਝ ਨਿਯਮ ਹੁੰਦੇ ਹਨ, ਜਿਨ੍ਹਾਂ ਦੀ ਪਾਲਣਾ ਕਰਨਾ ਸਮੂਹ ਦੇ ਹਰ ਮੈਂਬਰ ਲਈ ਲਾਜ਼ਮੀ ਹੁੰਦਾ ਹੈ । ਜਿਵੇਂ ਕਿ :

★ ਹਰ ਮਹੀਨੇ ਸਮੂਹ ਦੀ ਕਾਰਜਕਾਰੀ ਸੰਬੰਧੀ ਘੱਟੋ-ਘੱਟ ਇੱਕ ਮੀਟਿੰਗ ਕਰਨਾ ।

★ ਇਸ ਮੀਟਿੰਗ ਲਈ ਸਮਾਂ ਅਤੇ ਜਗ੍ਹਾ ਨਿਰਧਾਰਿਤ ਕਰਨਾ ।

★ ਗੈਰ-ਹਾਜ਼ਰ ਮੈਂਬਰਾਂ ਨੂੰ ਜੁਰਮਾਨਾ ਕਰਨਾ ।

★ ਬੱਚਤ ਦੀ ਰਕਮ ਬਾਰੇ ਸਲਾਹ-ਮਸ਼ਵਰਾ ਕਰਨਾ ।

★ ਇੱਕ ਦੂਜੇ ਨੂੰ ਛੋਟੇ ਕਰਜ਼ੇ ਦੇਣ ਸੰਬੰਧੀ ਫੈਸਲਾ ਕਰਨਾ ।

★ ਬੈਂਕਾਂ ਤੋਂ ਕਿੰਨਾ ਕਰਜ਼ਾ ਲੈਣਾ ਹੈ ਅਤੇ ਉਸਦੀ ਮੁੜ ਅਦਾਇਗੀ ਕਦੋ ਅਤੇ ਕਿਵੇਂ ਕਰਨੀ ਹੈ, ਸੰਬੰਧੀ ਫੈਸਲਾ ਕਰਨਾ ਆਦਿ ।

ਸਵੈ-ਸਹਾਇਤਾ ਸਮੂਹਾਂ ਦੀ ਪ੍ਰਬੰਧਨ ਕਮੇਟੀ ਵਿੱਚ ਇੱਕ ਪ੍ਰਧਾਨ, ਇੱਕ ਖ਼ਜ਼ਾਨਚੀ, ਇੱਕ ਸਕੱਤਰ ਅਤੇ ਬਾਕੀ ਸਾਰੇ ਮੈਂਬਰ ਹੁੰਦੇ ਹਨ । ਸਵੈ-ਸਹਾਇਤਾ ਸਮੂਹਾਂ ਦੇ ਸੁਚਾਰੂ ਕੰਮ-ਕਾਜ ਲਈ ਇਹ ਜ਼ਰੂਰੀ ਹੈ ਕਿ ਸਮੂਹ ਦੇ ਸਾਰੇ ਮੈਂਬਰ ਮੁੱਢਲੇ ਗਣਿਤ, ਮੀਟਿੰਗ ਦੀ ਸਮਾਂ-ਸਾਰਨੀ, ਉਧਾਰ ਦਾ ਲੈਣ-ਦੇਣ ਅਤੇ ਪੈਸਿਆਂ ਦੀ ਅਦਾਇਗੀ ਸੰਬੰਧੀ ਇੱਕ ਸਿਖਲਾਈ ਜ਼ਰੂਰ ਪ੍ਰਾਪਤ ਕਰਨ । ਇਹ ਸਿਖਲਾਈ ਸਮੂਹ ਦੇ ਮੈਂਬਰ ਕਿਸੇ ਵੀ ਸਰਕਾਰੀ ਅਦਾਰੇ ਜਿਵੇਂ ਕਿ ਪੰਜਾਬੀ ਐਗਰੀਕਲਚਰ ਯੂਨੀਵਰਸਿਟੀ, ਖੇਤੀਬਾੜੀ ਅਤੇ ਪੇਂਡੂ ਵਿਕਾਸ ਲਈ ਰਾਸ਼ਟਰੀ ਬੈਂਕ, ਕ੍ਰਿਸ਼ੀ ਵਿਗਿਆਨ ਕੇਂਦਰਾਂ ਜਾਂ ਆਜੀਵਿਕਾ ਮਿਸ਼ਨ ਪੰਜਾਬ ਆਦਿ ਤੋਂ ਲੈ ਸਕਦੇ ਹਨ ।

**ਸਵੈ-ਸਹਾਇਤਾ ਸਮੂਹਾਂ ਦੀਆਂ ਲਾਜ਼ਮੀ ਗਤੀਵਿਧੀਆਂ ਦੀ ਜਾਣਕਾਰੀ :**

★ **ਸਮੂਹ ਦਾ ਰਿਕਾਰਡ** : ਇਸ ਕਿਤਾਬ ਵਿੱਚ ਮੀਟਿੰਗਾਂ ਦੀ ਕਾਰਵਾਈ, ਸਮੂਹ ਦੇ ਨਿਯਮ ਅਤੇ ਮੈਂਬਰਾਂ ਦੇ ਨਾਮ ਆਦਿ ਦਰਜ ਕਰਕੇ ਸਮੂਹ ਦਾ ਰਿਕਾਰਡ ਰੱਖਿਆ ਜਾਂਦਾ ਹੈ ।

★ **ਬੱਚਤ ਅਤੇ ਕਰਜ਼ਾ ਰਜਿਸਟਰ** : ਇਸ ਰਜਿਸਟਰਾਰ ਵਿੱਚ ਸਮੂਹ ਦੇ ਮੈਂਬਰਾਂ ਵੱਲੋਂ ਕੀਤੀ ਗਈ ਬੱਚਤ ਅਤੇ ਲਏ ਗਏ ਕਰਜ਼ੇ ਦਾ ਰਿਕਾਰਡ ਰੱਖਿਆ ਜਾਂਦਾ ਹੈ । ਇਸ ਰਜਿਸਟਰ ਵਿੱਚ ਵਿਅਕਤੀਗਤ ਕਰਜ਼ਿਆਂ, ਕਰਜ਼ਿਆਂ ਦੀ ਅਦਾਇਗੀ, ਇਕੱਠੇ ਕੀਤੇ ਵਿਆਜ ਅਤੇ ਬਕਾਇਆ ਆਦਿ ਦਾ ਵੇਰਵਾ ਦਰਜ ਕੀਤਾ ਜਾਂਦਾ ਹੈ ।

★ **ਹਫਤਾ ਵਾਰੀ ਰਜਿਸਟਰ** : ਇਸ ਰਜਿਸਟਰ ਵਿੱਚ ਹਰ ਮੀਟਿੰਗ ਵਿੱਚ ਹਫਤਾਵਾਰੀ ਆਧਾਰ ਤੇ ਕੀਤੇ ਗਏ ਭੁਗਤਾਨਾਂ ਦਾ ਸਾਰਾ ਰਿਕਾਰਡ ਰੱਖਿਆ ਜਾਂਦਾ ਹੈ ।

★ **ਮੈਂਬਰਾਂ ਦੀਆਂ ਪਾਸ-ਬੁੱਕਾਂ** : ਸਮੂਹ ਦੇ ਮੈਂਬਰਾਂ ਦੀਆਂ ਪਾਸ ਬੁੱਕਾਂ ਵਿੱਚ ਉਹਨਾਂ ਦੁਆਰਾ ਕੀਤੀਆਂ ਗਈਆਂ ਬੱਚਤਾਂ ਦਾ ਲੇਖਾ-ਜੋਖਾ ਦਰਜ਼ ਕੀਤਾ ਜਾਂਦਾ ਹੈ ।

ਸਵੈ-ਸਹਾਇਤਾ ਸਮੂਹ ਦੇ ਗਠਨ ਤੋਂ ਤੁਰੰਤ ਬਾਅਦ ਇੱਕ ਜਾਂ ਦੋ ਮੀਟਿੰਗਾਂ ਦੌਰਾਨ ਇਕੱਠੀ ਕੀਤੀ ਗਈ ਬੱਚਤ ਰਾਸ਼ੀ ਨਾਲ ਸਵੈ-ਸਹਾਇਤਾ ਸਮੂਹ ਦੇ ਨਾਮ ਤੇ ਇੱਕ ਬਚਤ ਬੈਂਕ ਖਾਤਾ ਖੋਲ੍ਹਿਆ ਜਾ ਸਕਦਾ ਹੈ । ਇਸ ਬੱਚਤ ਨਾਲ ਸਮੂਹ ਦੇ ਮੈਂਬਰ ਹਰ ਮਹੀਨੇ ਛੋਟੀਆਂ-ਛੋਟੀਆਂ ਬੱਚਤਾਂ ਕਰਕੇ ਪੈਸੇ ਬਚਾਉਣ ਦੇ ਤਰੀਕੇ ਸਿੱਖਦੇ ਹਨ । ਹਰੇਕ ਸਮੂਹ ਮੈਂਬਰ ਦਾ ਇੱਕ ਆਦਰਸ਼ ਹੋਣਾ ਚਾਹੀਦਾ ਹੈ, 'ਪਹਿਲਾਂ ਬੱਚਤ, ਬਾਅਦ ਵਿੱਚ ਉਧਾਰ'।

ਸਵੈ-ਸਹਾਇਤਾ ਸਮੂਹ ਔਰਤਾਂ ਲਈ, ਖਾਸ ਕਰਕੇ ਪੇਂਡੂ ਔਰਤਾਂ ਲਈ ਇੱਕ ਵਰਦਾਨ ਹੈ । ਕਿਉਂਕਿ ਉਹ ਆਪਣੇ ਇਕੱਠੇ ਕੀਤੇ ਪੈਸੇ ਨਾਲ ਸਿਲਾਈ-ਕਢਾਈ-ਬੁਣਾਈ, ਸਜਾਵਟੀ ਵਸਤੂਆਂ ਬਣਾਉਣਾ, ਅਚਾਰ, ਚੱਟਣੀਆਂ, ਸ਼ਰਬਤ, ਸਕੈਸ਼, ਮੁਰੱਬਾ ਬਣਾਉਣਾ ਅਤੇ ਹੋਰ ਬਹੁਤ ਸਾਰੇ ਕੰਮਾਂ ਨੂੰ ਛੋਟੇ ਪੱਧਰ ਤੇ ਸ਼ੁਰੂ ਕਰ ਸਕਦੀਆਂ ਹਨ । ਜਿਸ ਨਾਲ ਉਹ ਆਪਣੇ ਪਰਿਵਾਰ ਦੀ ਆਮਦਨ ਵਿੱਚ ਹਿੱਸਾ ਪਾ ਸਕਦੀਆਂ ਹਨ । ਜਿਹੜੀਆਂ ਔਰਤਾਂ ਛੋਟੇ ਪੱਧਰ 'ਤੇ ਆਪਣਾ ਕੰਮ ਸ਼ੁਰੂ ਕਰਨ ਵਿੱਚ ਦਿਲਚਸਪੀ ਰੱਖਦੀਆਂ ਹਨ, ਸਵੈ-ਸਹਾਇਤਾ ਸਮੂਹ ਉਹਨਾਂ ਲਈ ਉਹਨਾਂ ਦੇ ਸੁਪਨੇ ਪੂਰੇ ਕਰਨ ਦਾ ਇੱਕ ਵਧੀਆ ਅਤੇ ਸੌਖਾ ਤਰੀਕਾ ਹੈ ।



★ ਚਾਹਵਾਨ ਔਰਤਾਂ, ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ, ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਜ਼ਿਲ੍ਹੇ ਦੇ ਵੱਖ-ਵੱਖ ਅਦਾਰਿਆਂ ਤੋਂ ਕਿੱਤਾ ਮੁੱਖੀ ਸਿਖਲਾਈ ਹਾਸਿਲ ਕਰਕੇ ਆਪਣਾ ਕੰਮ ਸ਼ੁਰੂ ਕਰ ਸਕਦੀਆਂ ਹਨ ।

★ ਇਹ ਸਿਖਲਾਈ ਕੋਰਸ, ਪੰਜ ਤੋਂ ਸੱਤ ਦਿਨਾਂ ਦੇ ਹੁੰਦੇ ਹਨ ਅਤੇ ਔਰਤਾਂ ਲਈ ਬਿਲਕੁਲ ਮੁਫ਼ਤ ਹਨ ।

★ ਇਨ੍ਹਾਂ ਸਿਖਲਾਈਆਂ ਦੀ ਮੱਦਦ ਨਾਲ ਔਰਤਾਂ ਕਿਸੇ ਵੀ ਕਿੱਤੇ ਦੀ ਤਕਨੀਕੀ ਜਾਣਕਾਰੀ ਲੈ ਸਕਦੀਆਂ ਹਨ ਅਤੇ ਬਹੁਤ ਆਸਾਨੀ ਨਾਲ ਆਪਣਾ ਸਵੈ-ਸਹਾਇਤਾ ਸਮੂਹ ਸ਼ੁਰੂ ਕਰਕੇ ਆਤਮ ਨਿਰਭਰ ਬਣ ਸਕਦੀਆਂ ਹਨ ।

------- ਬਾਕੀ ਸਫਾ 7 ਦੀ -------

## ਸਥਿਰ ਉਤਪਾਦਨ ਲਈ ਖੇਤੀ ਖੋਜ ਦਾ ਦਿਸ਼ਾ ਨਿਰਧਾਰਣ

ਕਿਸਮਾਂ ਜੋ ਵਧੇਰੇ ਤਾਪਮਾਨ, ਸੋਕਾ ਅਤੇ ਹੜ੍ਹਾਂ ਦੇ ਹਾਲਾਤ ਦਾ ਸਾਹਮਣਾ ਕਰਨ ਦੇ ਸਮਰੱਥ ਹੋਣ ਦੀ ਖੋਜ ਲਈ ਬਹੁਤ ਸਾਰੀਆਂ ਪਹਿਲਕਦਮੀਆਂ ਕਰ ਦਿੱਤੀਆਂ ਹਨ । ਇਹ ਕਾਰਜ ਕਈ ਫ਼ਸਲਾਂ ਵਿੱਚ ਕੀੜਿਆਂ, ਬਿਮਾਰੀਆਂ ਅਤੇ ਨਦੀਨਾਂ ਦੀ ਸੰਯੁਕਤ ਅਤੇ ਰਸਾਇਣ ਮੁਕਤ ਰੋਕਥਾਮ ਨਾਲ ਵੀ ਸੰਬੰਧਿਤ ਹੈ । ਉਤਪਾਦਨ ਅਤੇ ਸਾਂਭ-ਸੰਭਾਲ ਤਕਨਾਲੋਜੀਆਂ ਦੀ ਖੋਜ ਦਾ ਉਦੇਸ਼ ਜਿੱਥੇ ਉਤਪਾਦਨ ਅਤੇ ਮੁਨਾਫ਼ੇ ਨੂੰ ਵਧਾਉਣ, ਕੁਦਰਤੀ ਸਰੋਤਾਂ ਦੀ ਟਿਕਾਊ ਵਰਤੋਂ, ਵਾਤਾਵਰਨੀ ਖਤਰਿਆਂ ਨੂੰ ਘੱਟ ਤੋਂ ਘੱਟ ਕਰਨ ਵੱਲ ਕੇਂਦਰਿਤ ਹੈ ਉੱਥੇ ਮੰਡੀਕਰਨ ਵਰਗੀਆਂ ਸਹਾਇਤਾ ਸੇਵਾਵਾਂ ਨਾਲ ਵੀ ਜੁੜਿਆ ਹੋਇਆ ਹੈ । ਫ਼ਲਾਂ ਅਤੇ ਸਬਜ਼ੀਆਂ ਦੇ ਘੱਟ ਰੱਖ-ਰਖਾਅ ਕਾਰਨ ਇਹਨਾਂ ਵਿੱਚ ਪ੍ਰੋਸੈਸਿੰਗ ਦੀ ਵਧੇਰੇ ਸੰਭਾਵਨਾ ਹੈ । ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਬੈਂਗਣਾਂ, ਟਮਾਟਰਾਂ ਅਤੇ ਖੀਰੇ ਦੇ ਵਧੇਰੇ ਝਾੜ ਲਈ ਨੀਵੀਂ ਸੁਰੰਗ ਅਤੇ ਨੈੱਟ ਹਾਊਸ ਤਕਨਾਲੋਜੀ ਦੀ ਵਰਤੋਂ ਨੂੰ ਤਰਜੀਹ ਦੇਣ ਜਿਸ ਨਾਲ ਕੀੜਿਆਂ ਤੋਂ ਬਚਾਅ ਦੇ ਨਾਲ ਵੱਧ ਝਾੜ ਵੀ ਲਿਆ ਜਾ ਸਕਦਾ ਹੈ ।



ਹਾਲੀਆ ਸਮੇਂ ਵਿੱਚ ਯੂਨੀਵਰਸਿਟੀ ਨੇ ਕਣਕ ਦੀ ਵੱਧ ਝਾੜ ਦੇਣ ਵਾਲੀ ਕਿਸਮ ਪੀ ਬੀ ਡਬਲਯੂ 872 ਸਿਫਾਰਿਸ਼ ਕੀਤੀ ਹੈ, ਜੋ ਪੰਜਾਬ ਵਿੱਚ ਸਮੇਂ ਸਿਰ ਬਿਜਾਈ ਦੇ ਹਾਲਾਤ ਲਈ ਢੁੱਕਵੀਂ ਹੈ । ਆਸ ਹੈ ਕਿ ਇਹ ਕਿਸਮ ਪੰਜਾਬ ਤੋਂ ਬਿਨਾਂ ਆਸਪਾਸ ਦੇ ਖੇਤਰਾਂ ਵਿੱਚ ਵੀ ਬਹੁਤ ਪ੍ਰਵਾਨ ਹੋਵੇਗੀ । ਇਸ ਤੋਂ ਇਲਾਵਾ ਪੀ. ਏ. ਯੂ. ਨੇ ਜੌਆਂ ਦੀ ਨਵੀਂ ਕਿਸਮ ਪੀ ਐੱਲ 942 ਦੀ ਸਿਫ਼ਾਰਸ਼ ਕੀਤੀ ਹੈ । ਘੀਆ ਦੀ ਕਿਸਮ ਪੀ ਬੀ ਓ ਜੀ-18 ਦੀ ਸਿਫ਼ਾਰਸ਼ ਵੀ ਕੀਤੀ ਹੈ ਮਟਰਾਂ ਦੀ ਅਗੇਤੀ ਕਿਸਮ-8, ਭਰਵੇਂ ਸੀਜ਼ਨ ਦੌਰਾਨ ਇੱਕੋ ਤੁੜਾਈ ਦੇਣ ਵਾਲੀ ਮਟਰਾਂ ਦੀ ਕਿਸਮ ਪੰਜਾਬ 90 ਅਤੇ ਕੈਸੂਆਰੀਨਾ ਰੁੱਖ ਦਾ ਕਲੋਨ ਆਈ ਐੱਫ ਜੀ ਟੀ ਬੀ ਸੀ ਐੱਚ-2 ਰਾਜ ਵਾਸਤੇ ਨਵੀਆਂ ਸਿਫ਼ਾਰਸ਼ਾਂ ਹਨ ।

ਗਰਮੀ ਰੁੱਤ ਦੀ ਮੂੰਗੀ ਦੀ ਸਫ਼ਲ ਕਾਸ਼ਤ ਅਤੇ ਕਣਕ ਦੇ ਨਾੜ ਦੀ ਸੁੱਕੀ ਅਤੇ ਰੌਣੀ ਵਿੱਚ ਸੰਭਾਲ ਲਈ ਹੈਪੀਸੀਡਰ ਅਤੇ ਸਮਾਰਟ ਸੀਡਰ ਦੀ ਵਰਤੋਂ ਦੀ ਹਮਾਇਤ ਵੀ ਕੀਤੀ ਗਈ ਹੈ । ਜੀ ਐੱਨ ਐੱਸ ਐੱਸ ਅਧਾਰਿਤ ਟਰੈਕਟਰਾਂ ਦੀ ਸਵੈ ਸੰਚਾਲਿਤ ਤਕਨਾਲੋਜੀ ਨੂੰ ਵਧੇਰੇ ਤਰਕ ਸੰਗਤ ਅਤੇ ਯੋਗ ਬਨਾਉਣ ਦਾ ਤਰੀਕਾ ਨਿਰਮਿਤ ਕੀਤਾ ਗਿਆ ਹੈ । ਘਾਹ ਦੇ ਲਾਅਨ ਦੀ ਸੰਭਾਲ ਲਈ ਟਰੈਕਟਰ ਨਾਲ ਚੱਲਣ ਵਾਲਾ ਪੀ. ਏ. ਯੂ. ਟਰਫ ਮੈਨੇਜਰ ਕਟਾਈ ਅਤੇ ਸੰਭਾਲ ਲਈ ਮਸ਼ੀਨ ਤਿਆਰ ਕੀਤੀ ਹੈ । ਸਬਜ਼ੀਆਂ ਦੀ ਬਿਜਾਈ ਨੂੰ ਛੋਟੇ ਪੱਧਰ ਤੇ ਸੂਖਮ ਤਰੀਕੇ ਨਾਲ ਅੰਜਾਮ ਦੇਣ ਲਈ ਹੱਥ ਨਾਲ ਚਲਾਉਣ ਵਾਲਾ ਪੀ.ਏ.ਯੂ. ਸੀਡਰ ਸਿਫ਼ਾਰਸ਼ ਕੀਤਾ ਗਿਆ ਹੈ । ਸੁਚੱਜੀ ਫ਼ਸਲ ਸੰਭਾਲ ਲਈ ਯੂਨੀਵਰਸਿਟੀ ਗਰਮ ਰੁੱਤ ਦੇ ਮਾਂਹ ਵਿੱਚ ਢੁੱਕਵੇਂ ਨਦੀਨ ਪ੍ਰਬੰਧ ਦੀ ਸਿਫ਼ਾਰਸ਼ ਕਰਦਿਆਂ ਜੰਮਣ ਤੋਂ ਮਗਰੋਂ ਇਮੈਜ਼ਥਾਈਪਰ ਦੀ ਵਰਤੋਂ ਦੀ ਸਿਫ਼ਾਰਸ਼ ਕਰਦੀ ਹੈ । ਆਲੂਆਂ ਵਿੱਚ ਪਿਛੇਤੀ ਬਲਾਈਟ ਦੀ ਰੋਕਥਾਮ ਲਈ ਉੱਲੀਨਾਸ਼ਕ ਇਨਫਿਨਟੋ 687.5 ਐੱਸ ਦੀ ਸਿਫ਼ਾਰਸ਼ ਕੀਤੀ ਗਈ ਹੈ ।

ਖੇਤ ਤਕਨਾਲੋਜੀਆਂ ਦੇ ਪੱਖ ਤੋਂ ਪਰਾਲੀ ਅਧਾਰਿਤ ਪਤਲੀ ਚਾਦਰ ਵਾਲਾ ਬਾਇਓਗੈਸ ਪਲਾਂਟ (ਇੱਕੋ ਵਾਰੀ 16 ਕੁਇੰਟਲ ਪਰਾਲੀ ਖਪਤ ਕਰਨ ਦੇ ਯੋਗ) ਪੀ. ਏ. ਯੂ. ਪੱਕੇ ਗੁੰਬਦ ਵਾਲਾ ਫੈਮਿਲੀ ਸਾਈਜ਼ ਮਾਡਲ ਅਤੇ ਸੁਧਰਿਆ ਹੋਇਆ ਪੀ.ਏ.ਯੂ. ਪੱਕੇ ਗੁੰਬਦ ਵਾਲਾ ਜਨਤਾ ਮਾਡਲ ਸਿਫ਼ਾਰਸ਼ ਕੀਤਾ ਗਿਆ ਹੈ । ਇਸ ਤੋਂ ਇਲਾਵਾ ਝੋਨੇ ਦੀ ਪਰਾਲੀ ਸਮੇਤ ਪੀ ਐੱਲ ਏ ਬਾਇਓਕੰਪੋਸਟ ਪੋਲੀਮਰ, ਕਾਲੀ ਗਾਜਰ ਅਧਾਰਿਤ ਵਰਤੋਂ ਲਈ ਤਿਆਰ ਕਾਂਜੀ ਮਿਸ਼ਰਣ, ਕਣਕ, ਮੱਕੀ, ਜੌਂਅ, ਸੋਇਆ ਅਤੇ ਜਵੀ ਦੇ ਮਿਸ਼ਰਣ ਵਾਲਾ ਪੀ. ਏ. ਯੂ. ਬਹੁ ਅਨਾਜੀ ਆਟਾ, ਪੀ. ਏ. ਯੂ. ਗਲੂਟਨ ਮੁਕਤ ਆਟਾ ਅਤੇ ਪੀ. ਏ. ਯੂ. ਮਲਟੀਗਰੇਨ ਆਟਾ ਸ਼ੂਗਰ ਦੇ ਮਰੀਜ਼ਾਂ ਲਈ ਸਿਫ਼ਾਰਸ਼ ਕੀਤਾ ਗਿਆ ਹੈ । ਇਸ ਤੋਂ ਇਲਾਵਾ ਚਿੱਟੀ ਬਟਨ ਖੁੰਬ ਦੀ ਸ਼ੈੱਲਫ ਲਾਈਫ ਵਿੱਚ ਵਾਧੇ ਲਈ ਬਾਇਓਪਲਾਸਟਿਕ, ਨੈਨੋ ਕੰਪੋਸਟ, ਪੈਕਜਿੰਗ ਫ਼ਿਲਮ ਦੀ ਵਰਤੋਂ ਦੀ ਸਿਫ਼ਾਰਸ਼ ਵੀ ਪੁਰਜ਼ੋਰ ਢੰਗ ਨਾਲ ਕੀਤੀ ਜਾਂਦੀ ਹੈ ।

ਕਿਸਾਨ ਵੀਰੋ ਭਾਵੇਂ ਪੀ. ਏ. ਯੂ. ਤੁਹਾਡੇ ਯਤਨਾਂ ਸਦਕਾ ਦੇਸ਼ ਦੀ ਸਰਵੋਤਮ ਖੇਤੀ ਯੂਨੀਵਰਸਿਟੀ ਬਣੀ ਹੈ ਪਰ ਮੌਜੂਦਾ ਖੇਤੀ, ਵਾਤਾਵਰਣ, ਆਰਥਿਕ ਅਤੇ ਤਕਨੀਕੀ ਚੁਣੌਤੀਆਂ ਤੋਂ ਪਾਰ ਪਾਉਣ ਲਈ ਹੋਰ ਅਗਾਂਹਵਧੂ ਖੋਜ ਦੀ ਲੋੜ ਹੈ । ਸਾਡਾ ਧਿਆਨ ਵੱਧ ਝਾੜ ਦੇਣ ਵਾਲੀਆਂ ਫ਼ਸਲਾਂ ਦੀਆਂ ਕਿਸਮਾਂ ਦੇ ਨਾਲ-ਨਾਲ ਛੇਤੀ ਪੱਕਣ ਅਤੇ ਮੌਸਮੀ ਦਬਾਵਾਂ ਦਾ ਸਾਹਮਣਾ ਕਰਨ ਵਾਲੀਆਂ ਕਿਸਮਾਂ ਤੋਂ ਇਲਾਵਾ ਸੂਖਮ ਅਤੇ ਬਾਇਓਤਕਨਾਲੋਜੀ ਦੀਆਂ ਵਿਧੀਆਂ ਦੀ ਵਰਤੋਂ ਕਰਕੇ ਰਾਜ ਦੀ ਖੇਤੀ ਦੀ ਬਿਹਤਰੀ ਲਈ ਢੁੱਕਵੇਂ ਹੱਲ ਪੇਸ਼ ਕਰਨ ਵੱਲ ਹੈ । ਅਤਿ ਉੱਤਮ ਵਿਧੀਆਂ ਦੀ ਵਰਤੋਂ ਕਰਕੇ ਭੂਮੀ ਅਤੇ ਪਾਣੀ ਸਰੋਤਾਂ ਦੀ ਸੰਭਾਲ ਤੋਂ ਇਲਾਵਾ ਸੁਚਾਰੂ ਮਸ਼ੀਨਰੀ ਦੀ ਵਰਤੋਂ ਅੱਜ ਦੇ ਸਮੇਂ ਦੀ ਭਖਵੀਂ ਲੋੜ ਹੈ । ਕੀੜਿਆਂ ਅਤੇ ਬਿਮਾਰੀਆਂ ਬਾਰੇ ਅਗਾਊਂ ਸੂਚਨਾ ਪ੍ਰਬੰਧ ਅਤੇ ਵਾਤਾਵਰਨ ਦੇ ਬਦਲਾਅ ਬਾਰੇ ਭਵਿੱਖ ਬਾਣੀਆਂ ਵਿੱਚ ਸੁਧਾਰ ਦੀ ਗੁਜਾਇੰਸ਼ ਹੈ । ਇਸ ਤੋਂ ਇਲਾਵਾ ਰਾਜ ਦੇ ਕਿਸਾਨਾਂ ਦੀ ਬਿਹਤਰੀ ਲਈ ਸੁਚਾਰੂ ਸੰਸਥਾਗਤ ਅਤੇ ਮੰਡੀ ਢਾਂਚੇ ਦੀ ਉਸਾਰੀ ਬਾਰੇ ਖੋਜ ਵੀ ਸੋਧਿਤ ਹੋਣੀ ਚਾਹੀਦੀ ਹੈ ।

**ਅਨੁਵਾਦ : ਜਗਵਿੰਦਰ ਸਿੰਘ**



# ਅਕਤੂਬਰ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ

**ਗੰਨਾ** : ਇਸ ਮਹੀਨੇ ਦੀ 20 ਤਰੀਕ ਤੱਕ ਗੰਨੇ ਦੀ ਬਿਜਾਈ ਖ਼ਤਮ ਕਰ ਲਵੋ। ਬੀਜ ਨੂੰ ਸਿਫ਼ਾਰਸ਼ ਅਨੁਸਾਰ ਸੋਧ ਲਵੋ। ਕਤਾਰਾਂ ਦਾ ਫ਼ਾਸਲਾ 90 ਸੈ. ਮੀ. ਰੱਖੋ। ਕਤਾਰਾਂ ਵਿਚਕਾਰ ਸਰ੍ਹੋਂ, ਮਟਰ, ਗੋਭੀ ਸਰ੍ਹੋਂ, ਬੰਦ ਗੋਭੀ, ਛੋਲੇ, ਕਣਕ, ਮੂਲੀ, ਲਸਣ ਆਦਿ ਦੀ ਬਿਜਾਈ ਕੀਤੀ ਜਾ ਸਕਦੀ ਹੈ।

**ਕਣਕ** : ਸੇਂਜੂ ਹਾਲਤਾਂ ਲਈ ਕਣਕ ਦੀਆਂ ਪੀ ਬੀ ਡਬਲਯੂ 826, ਪੀ ਬੀ ਡਬਲਯੂ 824, ਪੀ ਬੀ ਡਬਲਯੂ 766, ਡੀ ਬੀ ਡਬਲਯੂ 187, ਐਚ ਡੀ 3226, ਪੀ ਬੀ ਡਬਲਯੂ 725, ਪੀ ਬੀ ਡਬਲਯੂ 677, ਐਚ ਡੀ 3086, ਡਬਲਯੂ ਐਚ 1105, ਪੀ ਬੀ ਡਬਲਯੂ 1 ਜ਼ਿੰਕ ਅਤੇ ਵਡਾਣਕ ਕਣਕ ਦੀਆਂ ਡਬਲਯੂ ਐਚ ਡੀ 943 ਅਤੇ ਪੀ ਡੀ ਡਬਲਯੂ 291 ਕਿਸਮਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਕਣਕ ਦੀਆਂ ਕਿਸਮਾਂ ਡੀ ਬੀ ਡਬਲਯੂ 222 ਅਤੇ ਐਚ ਡੀ 2967 ਦੀ ਬਿਜਾਈ ਨੀਮ ਪਹਾੜੀ ਇਲਾਕਿਆਂ ਨੂੰ ਛੱਡ ਕੇ ਬਾਕੀ ਦੇ ਇਲਾਕਿਆਂ ਵਿੱਚ ਕੀਤੀ ਜਾ ਸਕਦੀ ਹੈ। ਜਿਨ੍ਹਾਂ ਖੇਤਾਂ ਵਿੱਚ ਝੋਨੇ ਦੀ ਪਰਾਲੀ ਦੀ ਸੰਭਾਲ ਹੈਪੀ ਸੀਡਰ ਜਾਂ ਸੁਪਰ ਸੀਡਰ ਨਾਲ ਕਰਕੇ



ਕਣਕ ਦੀ ਬਿਜਾਈ ਕਰਨੀ ਹੋਵੇ ਉਹਨਾਂ ਖੇਤਾਂ ਵਿੱਚ ਕਣਕ ਦੀ ਕਿਸਮ ਪੀ ਬੀ ਡਬਲਯੂ 869 ਦੀ ਬਿਜਾਈ ਕਰੋ। ਸੇਂਜੂ ਹਾਲਤਾਂ ਵਿੱਚ ਦਰਮਿਆਨੀ ਜ਼ਰਖੇਜ਼ ਜ਼ਮੀਨਾਂ ਲਈ ਠੀਕ ਸਮੇਂ ਤੇ ਬੀਜੀ ਜਾਣ ਵਾਲੀ ਫ਼ਸਲ ਨੂੰ 55 ਕਿਲੋ ਡੀ ਏ ਪੀ ਪ੍ਰਤੀ ਏਕੜ ਬਿਜਾਈ ਸਮੇਂ ਪਾਓ। ਜੇਕਰ 155 ਕਿੱਲੋ ਸਿੰਗਲ ਸੁਪਰਫਾਸਫੇਟ ਦੀ ਵਰਤੋਂ ਫਾਸਫੋਰਸ ਦੀ ਪੂਰਤੀ ਲਈ ਕਰਨੀ ਹੈ ਤਾਂ 20 ਕਿਲੋ ਯੂਰੀਆ ਰੌਣੀ ਕਰਨ ਤੋਂ

| ਪੱਤਾ ਰੰਗ | ਪੀ.ਏ.ਯੂ.-ਪੱਤਾ ਰੰਗ ਚਾਰਟ ਦੀ ਟਿੱਕੀ ਨੰਬਰ | | | |
|---|---|---|---|---|
| | 5.0 ਤੋਂ ਜ਼ਿਆਦਾ | 4.5 ਤੋਂ 5.0 ਤੱਕ | 4.0 ਤੋਂ 4.5 ਤੱਕ | 4.0 ਤੋਂ ਘੱਟ |
| ਯੂਰੀਆ (ਕਿੱਲੋ/ਏਕੜ) | 15 | 30 | 40 | 55 |

**ਨੋਟ** : ਰੰਗ ਮਿਲਾਉਣ ਲਈ ਚੁਣੇ ਪੌਦਿਆਂ ਉੱਪਰ ਬਿਮਾਰੀ/ਕੀੜਿਆਂ ਦਾ ਹਮਲਾ ਜਾਂ ਹੋਰ ਖੁਰਾਕੀ ਤੱਤਾਂ ਦੀ ਘਾਟ ਨਹੀਂ ਹੋਣੀ ਚਾਹੀਦੀ।

ਪਹਿਲਾਂ ਜਾਂ ਆਖਰੀ ਵਾਹੀ ਨਾਲ ਪਾਓ। ਪੋਟਾਸ਼ ਵਿੱਚ ਘਾਟ ਵਾਲੀਆਂ ਜ਼ਮੀਨਾਂ ਵਿੱਚ ਕਣਕ ਨੂੰ ਬਿਜਾਈ ਵੇਲੇ 20 ਕਿੱਲੋ ਮਿਊਰੇਟ ਆਫ ਪੋਟਾਸ਼ ਖਾਦ ਪ੍ਰਤੀ ਏਕੜ ਹਿਸਾਬ ਨਾਲ ਪਾਓ। ਗੁਰਦਾਸਪੁਰ, ਹੁਸ਼ਿਆਰਪੁਰ, ਰੂਪਨਗਰ ਅਤੇ ਸ਼ਹੀਦ ਭਗਤ ਸਿੰਘ ਨਗਰ ਵਿੱਚ ਪੋਟਾਸ਼ ਖਾਦ ਦੀ ਮਾਤਰਾ ਦੁਗਣੀ ਕਰ ਦਿਓ। ਯੂਰੀਆ ਖਾਦ ਦੀ ਲੋੜ ਅਨੁਸਾਰ ਵਰਤੋਂ ਲਈ ਪੀ ਏ ਯੂ ਪੱਤਾ ਰੰਗ ਚਾਰਟ ਵਰਤੋਂ।

ਕਣਕ ਦੀ ਬਿਜਾਈ ਸਮੇਂ ਦਰਮਿਆਨੀ ਉਪਜਾਊ ਸ਼ਕਤੀ ਵਾਲੀਆਂ ਮਿੱਟੀਆਂ ਵਿਚ 55 ਕਿੱਲੋ ਡੀ.ਏ.ਪੀ./ਏਕੜ ਡਰਿਲ ਕਰੋ। ਬਿਜਾਈ ਸਮੇਂ ਯੂਰੀਆ ਪਾਉਣ ਦੀ ਲੋੜ ਨਹੀਂ। ਪਹਿਲੇ ਪਾਣੀ ਨਾਲ ਸਮੇਂ ਸਿਰ ਬੀਜੀ ਕਣਕ ਨੂੰ 40 ਕਿੱਲੋ ਅਤੇ ਪਛੇਤੀ (ਅੱਧ ਦਸੰਬਰ ਤੋਂ ਬਾਅਦ ਬੀਜੀ) ਕਣਕ ਨੂੰ 25 ਕਿਲੋ ਯੂਰੀਆ/ਏਕੜ ਪਾਓ। ਦੂਸਰੇ ਪਾਣੀ ਤੋਂ ਪਹਿਲਾਂ (ਬਿਜਾਈ ਤੋਂ ਲਗਭਗ 50-55 ਦਿਨਾਂ ਬਾਅਦ) ਦਸ ਪੌਦਿਆਂ ਦੇ ਉੱਪਰੋਂ ਪੂਰੇ ਖੁੱਲ੍ਹੇ ਪਹਿਲੇ ਪੱਤੇ ਦਾ ਰੰਗ ਪੌਦੇ ਨਾਲੋਂ ਤੋੜੇ ਬਿਨ੍ਹਾਂ ਪੱਤਾ ਰੰਗ ਚਾਰਟ ਨਾਲ ਆਪਣੇ ਪਰਛਾਵੇਂ ਹੇਠ ਮਿਲਾਓ। ਪੱਤਿਆਂ ਦੇ ਰੰਗ ਦੇ ਹਿਸਾਬ ਨਾਲ ਸਾਰਣੀ ਅਨੁਸਾਰ ਯੂਰੀਆ ਖਾਦ ਪਾਓ।

ਬਰਾਨੀ ਹਾਲਤਾਂ ਵਿੱਚ ਪੀ ਬੀ ਡਬਲਯੂ 660 ਕਿਸਮ ਦੀ ਅਕਤੂਬਰ ਮਹੀਨੇ ਦੇ ਆਖਰੀ ਹਫ਼ਤੇ ਬਿਜਾਈ ਕਰੋ। ਬਰਾਨੀ ਕਣਕ ਬਿਜਾਈ ਵੇਲੇ 35 ਕਿੱਲੋ ਯੂਰੀਆ, 100 ਕਿੱਲੋ ਸਿੰਗਲ ਸੁਪਰਫਾਸਫੇਟ ਤੇ 20 ਕਿੱਲੋ ਮਿਊਰੇਟ ਆਫ਼ ਪੰਜਾਬ ਦਰਮਿਆਨੀਆਂ ਤੇ ਭਾਰੀਆਂ ਜ਼ਮੀਨਾਂ ਵਿੱਚ ਪਾਉ। ਬਾਕੀ ਰਹਿੰਦੀ 35 ਕਿੱਲੋ ਯੂਰੀਆ ਛੱਟੇ ਨਾਲ ਸਰਦੀ ਰੁੱਤ ਦੀ ਵਰਖਾ ਸਮੇਂ ਪਾਓ। ਬਹੁਤੀਆਂ ਹਲਕੀਆਂ ਜ਼ਮੀਨਾਂ ਵਿੱਚ ਇਹਨਾਂ ਖਾਦਾਂ ਦੀ ਮਿਕਦਾਰ ਅੱਧੀ ਵਰਤੋਂ ਤੇ ਸਾਰੀਆਂ ਖਾਦਾਂ ਬਿਜਾਈ ਵੇਲੇ ਪਾਓ। ਹਲਕੀਆਂ ਜ਼ਮੀਨਾਂ ਖ਼ਾਸ ਕਰਕੇ ਬਰਾਨੀ ਖੇਤੀ ਵਿੱਚ ਸਿਉਂਕ ਬਹੁਤ ਹੀ ਨੁਕਸਾਨਕਾਰੀ ਕੀੜਾ ਹੈ। ਇਸ ਤੋਂ ਬਚਣ ਲਈ ਬੀਜਣ ਤੋਂ ਪਹਿਲਾਂ ਕਣਕ ਦੇ ਬੀਜ ਨੂੰ 1 ਗ੍ਰਾਮ ਕਰੂਜ਼ਰ 70 ਡਬਲਯੂ ਐਸ ਜਾਂ 4 ਮਿ.ਲਿ. ਡਰਸਬਾਨ/ਰੁਬਾਨ/ਡਰਮਟ 20 ਈ ਸੀ (ਕਲੋਰਪਾਈਰੀਫਿਸ) ਜਾਂ 2 ਮਿ.ਲਿ. ਨਿਊਨੈਕਸ 20 ਐਫ ਐਸ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਲਓ। ਨਿਊਨਿਕਸ ਨਾਲ ਸੋਧੇ ਹੋਏ ਬੀਜ ਨੂੰ ਕਾਂਗਿਆਰੀ ਵੀ ਨਹੀਂ ਲੱਗਦੀ।

**ਸਿੱਟੇ ਅਤੇ ਪੱਤੇ ਦੀ ਕਾਂਗਿਆਰੀ** : ਬੀਜ ਨੂੰ ਬੀਜਣ ਤੋਂ ਪਹਿਲਾਂ ਰੈਕਸਿਲ ਈਜ਼ੀ/ਓਰੀਅਸ 0.33 ਮਿ.ਲਿ. ਪ੍ਰਤੀ ਕਿਲੋ ਬੀਜ ਜਾਂ ਵੀਟਾਵੈਕਸ ਪਾਵਰ 3.0 ਗ੍ਰਾਮ ਜਾਂ ਵੀਟਾਵੈਕਸ 2.0 ਗ੍ਰਾਮ ਜਾਂ ਟੈਬੂਸੀਡ/ਐਕਸਜ਼ੋਲ/ਸੀਡੈਕਸ ਇੱਕ ਗ੍ਰਾਮ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਲਓ। ਬੀਜ ਸੋਧ ਡਰੰਮ ਨਾਲ ਕਰੋ। ਬੀਜ ਦੀ ਸੋਧ ਬਿਜਾਈ ਤੋਂ ਕਦੇ ਵੀ ਇੱਕ ਮਹੀਨੇ ਤੋਂ ਪਹਿਲਾਂ ਨਾ ਕਰੋ।

**ਦਾਲਾਂ**

**ਛੋਲੇ** : ਛੋਲਿਆਂ ਦੀ ਕਿਸਮ ਪੀ ਡੀ ਜੀ 4 ਦੀ ਬਿਜਾਈ ਬਰਾਨੀ ਹਾਲਤਾਂ ਵਿੱਚ 10 ਤੋਂ 25 ਅਕਤੂਬਰ ਤੱਕ ਕਰੋ ਅਤੇ ਸਿੰਚਾਈ ਵਾਲੇ ਇਲਾਕਿਆਂ ਵਿੱਚ ਪੀ ਬੀ ਜੀ 8, ਜੀ ਪੀ ਐਫ 2 ਅਤੇ ਐਲ ਐਲ 552 ਕਿਸਮਾਂ ਦੀ ਬਿਜਾਈ ਕਰ ਦਿਉ। ਜਦੋਂ ਕਿ ਨੀਮ ਪਹਾੜੀ ਇਲਾਕਿਆਂ ਵਿੱਚ ਪੀ ਬੀ ਜੀ 5 ਕਿਸਮ ਬੀਜੋ ਜੋ



ਝੁਲਸ ਰੋਗ ਆਦਿ ਬੀਮਾਰੀਆਂ ਸਹਾਰਨ ਦੀ ਸਮਰੱਥਾ ਰੱਖਦੀ ਹੈ। ਪੀ ਬੀ ਜੀ 7 ਕਿਸਮ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਲਈ ਸੇਂਜੂ ਹਾਲਤਾਂ ਵਿੱਚ ਬੀਜੀ ਜਾ ਸਕਦੀ ਹੈ। ਅਕਤੂਬਰ ਦਾ ਅਖੀਰਲਾ ਹਫ਼ਤਾ ਦੇਸੀ ਅਤੇ ਕਾਬਲੀ ਛੋਲਿਆਂ ਐਲ 552 ਕਿਸਮਾਂ ਬੀਜਣ ਲਈ ਢੁੱਕਵਾਂ ਸਮਾਂ ਹੈ। ਝੁਲਸ ਰੋਗ ਦੀ ਬਿਮਾਰੀ ਤੋਂ ਬਚਾਉਣ ਲਈ ਬਿਮਾਰੀ ਨਾਲ ਪ੍ਰਭਾਵਿਤ ਇਲਾਕਿਆਂ ਵਿੱਚ ਪੀ ਬੀ ਜੀ 7 ਜਾਂ ਪੀ ਬੀ ਜੀ 5 ਕਿਸਮਾਂ ਬੀਜੋ। ਦੇਸੀ ਛੋਲਿਆਂ ਦੀ ਬਿਜਾਈ ਸਮੇਂ 13 ਕਿੱਲੋ ਯੂਰੀਆ ਅਤੇ 50 ਕਿੱਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਵਰਤੋ। ਜਦਕਿ ਕਾਬਲੀ ਛੋਲਿਆਂ ਨੂੰ 13 ਕਿਲੋ ਯੂਰੀਆ ਅਤੇ 100 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਓ। ਬਿਜਾਈ ਸਮੇਂ ਜੀਵਾਣੂੰ ਖਾਦ ਦੇ ਮਿਸ਼ਰਣ ਦਾ ਟੀਕਾ ਵੀ ਲਗਾਉਣਾ ਚਾਹੀਦਾ ਹੈ।

**ਮਸਰ** : ਨੀਮ ਪਹਾੜੀ ਇਲਾਕਿਆਂ ਵਿੱਚ ਮਸਰਾਂ ਦੀ ਬਿਜਾਈ ਅਕਤੂਬਰ ਦੇ ਦੂਸਰੇ ਪੰਦਰਵਾੜੇ ਵਿੱਚ ਕਰੋ ਅਤੇ ਬਾਕੀ ਦੇ ਇਲਾਕਿਆਂ ਵਿੱਚ ਮਸਰਾਂ ਦੀ ਬਿਜਾਈ ਅਕਤੂਬਰ ਦੇ ਅਖੀਰ ਤੋਂ ਸ਼ੁਰੂ ਕਰ ਦਿਓ। ਐਲ ਐਲ 1373 ਕਿਸਮ ਦਾ 18 ਕਿਲੋ ਬੀਜ ਪ੍ਰਤੀ ਏਕੜ ਅਤੇ ਐੱਲ ਐੱਲ 931 ਤੇ ਐੱਲ ਐੱਲ 699 ਕਿਸਮਾਂ ਦਾ 12-15 ਕਿਲੋ ਪ੍ਰਤੀ ਏਕੜ ਬੀਜ ਬੀਜੋ। ਮਸਰਾਂ ਦੀ ਫ਼ਸਲ ਦਾ ਵਧੀਆ ਝਾੜ ਲੈਣ ਲਈ ਬੀਜ ਨੂੰ ਰਾਈਜ਼ੋਬੀਅਮ ਦਾ ਟੀਕਾ ਜ਼ਰੂਰ ਲਾਉ ਅਤੇ ਬਿਜਾਈ ਵੇਲੇ 11 ਕਿੱਲੋ ਯੂਰੀਆ ਅਤੇ 50 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਪਾਓ। ਜੇ ਟੀਕਾ ਨਹੀਂ ਲਾਇਆ ਤਾਂ 100 ਕਿੱਲੋ ਸਿੰਗਲ ਸੁਪਰਫਾਸਫੇਟ ਬਿਜਾਈ ਸਮੇਂ ਪਾਓ।

**ਤੇਲ ਬੀਜ** : ਰਾਇਆ ਦੀਆਂ ਗਿਰੀਰਾਜ, ਆਰ ਐਲ ਸੀ 3, ਪੀ ਬੀ ਆਰ 357, ਕਿਸਮਾਂ ਪੰਜਾਬ ਦੇ ਸਾਰੇ ਇਲਾਕਿਆਂ ਵਿੱਚ ਸੇਂਜੂ ਹਾਲਤਾਂ ਲਈ ਢੁੱਕਵੀਆਂ ਹਨ ਅਤੇ ਬਰਾਨੀ ਹਾਲਤਾਂ ਲਈ ਪੀ ਬੀ ਆਰ 97 ਕਿਸਮ ਬੀਜੋ। ਆਰ ਸੀ ਐਚ 1, ਪੀ ਐਚ ਆਰ 126 ਅਤੇ ਪੀ ਬੀ ਆਰ 91 ਏਕੜ ਦੱਖਣ-ਪੱਛਮੀ ਇਲਾਕਿਆਂ ਲਈ ਸਿਫ਼ਾਰਸ਼ ਕਿਸਮਾਂ ਹਨ, ਪ੍ਰੰਤੂ ਰਾਇਆ ਦੀ ਕਿਸਮ ਆਰ ਐਲ ਐਮ 619, ਪੰਜਾਬ ਦੇ ਸੇਂਜੂ ਅਤੇ ਬਰਾਨੀ ਦੋਵੇਂ ਇਲਾਕਿਆਂ ਲਈ ਸਿਫ਼ਾਰਿਸ਼ ਕੀਤੀ ਜਾਂਦੀ ਹੈ। ਰਾਇਆ ਦੀ ਫ਼ਸਲ ਲਈ ਢੁਕਵਾਂ ਸਮਾਂ ਅਕਤੂਬਰ ਦਾ ਦੂਜਾ ਪੰਦਰਵਾੜਾ ਹੈ। ਗੋਭੀ ਸਰ੍ਹੋਂ ਪੀ ਜੀ ਐਸ ਐਚ 1707, ਜੀ ਐਸ ਸੀ 7, ਜੀ ਐਸ ਸੀ-6, ਸੀ ਐਸ ਐੱਲ-2 ਅਤੇ ਪੀ ਏ ਸੀ 401 (ਹਾਈਓਲਾ) ਕਿਸਮਾਂ ਦੀ ਬਿਜਾਈ 10 ਅਕਤੂਬਰ ਤੋਂ ਸ਼ੁਰੂ ਕਰ ਦੇਣੀ ਚਾਹੀਦੀ ਹੈ। ਅਫ਼ਰੀਕਨ ਸਰ੍ਹੋਂ ਪੀ ਸੀ 5 ਦੀ ਬਿਜਾਈ ਦਾ ਇਸ ਸਾਰੇ ਮਹੀਨੇ ਵਿੱਚ ਕੀਤੀ ਜਾ ਸਕਦੀ ਹੈ। ਰਾਇਆ ਅਤੇ ਗੋਭੀ ਸਰ੍ਹੋਂ ਨੂੰ 45 ਕਿਲੋ ਯੂਰੀਆ ਅਤੇ 75 ਕਿਲੋ ਸਿੰਗਲ ਸੁਪਰਫਾਸਫੇਟ ਤੇ 10 ਕਿਲੋ ਮਿਊਰੇਟ



ਆਫ਼ ਪੋਟਾਸ਼ (ਸਿਰਫ਼ ਘਾਟ ਵਾਲੀਆਂ ਜ਼ਮੀਨਾਂ ਵਿੱਚ) ਪ੍ਰਤੀ ਏਕੜ ਦੇ ਹਿਸਾਬ ਪਾਉਣ ਦੀ ਜ਼ਰੂਰਤ ਹੈ। ਯੂਰੀਆ ਖਾਦ ਰੌਣੀ ਤੋਂ ਪਹਿਲਾਂ ਵੀ ਪਾਈ ਜਾ ਸਕਦੀ ਹੈ। ਹਲਕੀਆਂ ਜ਼ਮੀਨਾਂ ਵਿੱਚ ਗੋਭੀ ਸਰ੍ਹੋਂ ਲਈ ਯੂਰੀਆ 65 ਕਿਲੋ ਕਰ ਦਿਉ। ਬਰਾਨੀ ਹਾਲਤਾਂ ਵਿੱਚ ਰਾਇਆ ਨੂੰ 33 ਕਿਲੋ ਯੂਰੀਆ ਅਤੇ 50 ਕਿੱਲੋ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਓ।

**ਨਦੀਨਾਂ ਦੀ ਰੋਕਥਾਮ** : ਤੋਰੀਏ ਨੂੰ ਬਿਜਾਈ ਤੋਂ 3 ਹਫ਼ਤੇ ਪਿੱਛੋਂ ਇੱਕ ਗੋਡੀ ਅਤੇ ਰਾਇਆ, ਗੋਭੀ ਸਰ੍ਹੋਂ ਅਤੇ ਤਾਰਾਮੀਰਾ ਨੂੰ ਕਸੌਲੇ ਨਾਲ ਇੱਕ ਜਾਂ ਦੋ ਗੋਡੀਆਂ ਕਾਫ਼ੀ ਹਨ।

**ਚਾਰੇ** : ਅਕਤੂਬਰ ਦੇ ਪਹਿਲੇ ਹਫ਼ਤੇ ਤੱਕ ਬਰਸੀਮ, ਰਾਈ ਘਾਹ ਅਤੇ ਸਫਤਲ ਦੀ ਬਿਜਾਈ ਕਰ ਦੇਣੀ ਚਾਹੀਦੀ ਹੈ। ਪਹਿਲੇ ਲੌਅ ਤੋਂ ਵਧੇਰੇ ਝਾੜ ਪ੍ਰਾਪਤ ਕਰਨ ਲਈ ਬਰਸੀਮ ਅਤੇ ਸਫਤਲ ਵਿੱਚ ਸਰ੍ਹੋਂ ਅਤੇ ਜਵੀ ਨੂੰ ਰਲਾ ਕੇ ਬੀਜੋ। ਇਸ ਤਰ੍ਹਾਂ ਕਰਨ ਨਾਲ ਇਟਸਿਟ ਤੇ ਵੀ ਕਾਬੂ ਪਾਇਆ ਜਾ ਸਕਦਾ ਹੈ। ਇਹ ਮਹੀਨਾ ਲੂਸਣ, ਜਵੀ ਅਤੇ ਸੇਂਜੀ ਲਈ ਵੀ ਢੁੱਕਵਾਂ ਹੈ। ਬਰਸੀਮ ਦੀ ਫ਼ਸਲ ਨੂੰ 6 ਟਨ ਦੇਸੀ ਰੂੜੀ ਅਤੇ 125 ਕਿੱਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਬਿਜਾਈ ਤੋਂ ਪਹਿਲਾਂ ਪਾਓ। ਜਿੱਥੇ ਦੇਸੀ ਖਾਦ ਨਹੀਂ ਮਿਲਦੀ, ਉੱਥੇ 185 ਕਿਲੋ ਸਿੰਗਲ ਸੁਪਰਫਾਸਫੇਟ ਦੇ ਨਾਲ 22 ਕਿਲੋ ਯੂਰੀਆ/ਏਕੜ ਵਰਤੋਂ। ਵਾਧੂ ਮੱਕੀ ਜਾਂ ਚਰ੍ਹੀ ਦਾ ਆਚਾਰ ਬਣਾ ਕੇ ਰੱਖ ਲਉ ਤਾਂ ਜੋ ਚਾਰੇ ਦੀ ਘਾਟ ਸਮੇਂ ਵਰਤਿਆ ਜਾ ਸਕੇ ਅਤੇ ਅਜਿਹਾ ਕਰਨ ਨਾਲ ਦੁੱਧ ਉਤਪਾਦਨ ਵੀ ਸਸਤਾ ਪਵੇਗਾ।

**ਸਬਜ਼ੀਆਂ**

**ਜੜ੍ਹਦਾਰ ਸਬਜ਼ੀਆਂ** : ਮੂਲੀ ਦੀਆਂ ਕਿਸਮਾਂ, ਪੰਜਾਬ ਸਫੈਦ ਮੂਲੀ-2, ਪੰਜਾਬ ਪਸੰਦ ਅਤੇ ਸ਼ਲਗਮ ਦੀ ਐਲ-1 ਅਤੇ ਗਾਜਰ ਦੀ ਪੰਜਾਬ ਬਲੈਕ ਬਿਊਟੀ, ਪੰਜਾਬ ਰੌਸ਼ਨੀ, ਪੰਜਾਬ ਜਾਮਨੀ, ਪੰਜਾਬ ਸੰਤਰੀ ਅਤੇ ਪੀ ਸੀ-161 ਦੀ ਬਿਜਾਈ ਖਤਮ ਕਰ ਦਿਓ। 15 ਟਨ ਗਲੀ ਸੜੀ ਰੂੜੀ ਬਿਜਾਈ ਤੋਂ 10 ਦਿਨ ਪਹਿਲਾਂ ਚੰਗੀ ਤਰ੍ਹਾਂ ਜ਼ਮੀਨ ਵਿੱਚ ਮਿਲਾਉ। ਇਸ ਤੋਂ ਇਲਾਵਾ 55 ਕਿਲੋ ਯੂਰੀਆ ਅਤੇ 75 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਉ। ਵਧੀਆ ਕੁਆਲਟੀ ਦੀ ਗਾਜਰ ਪੈਦਾ ਕਰਨ ਲਈ 50 ਕਿੱਲੋ ਪੋਟਾਸ਼ ਪ੍ਰਤੀ ਏਕੜ ਜ਼ਰੂਰ ਪਾਉ। ਗਾਜਰ ਅਤੇ ਮੂਲੀ ਦਾ 4-5 ਕਿਲੋ ਅਤੇ ਸ਼ਲਗਮ ਦਾ 2-3 ਕਿਲੋ ਬੀਜ ਪ੍ਰਤੀ ਏਕੜ ਪਾਓ

ਬਾਕੀ ਸਫਾ 14 'ਤੇ

# ਮਨੁੱਖਤਾ ਦਾ ਦੁਖਾਂਤ ਆਫਤ ਵਿੱਚ ਵੀ ਸਿਆਸਤ

ਹੜ੍ਹ, ਭੂਚਾਲ, ਤੂਫਾਨ ਜਾਂ ਝੱਖੜ ਜਦੋਂ ਵੀ ਆਉਂਦੇ ਹਨ, ਉਦੋਂ ਮਨੁੱਖਤਾ ਦਾ ਬਹੁਤ ਨੁਕਸਾਨ ਹੁੰਦਾ ਹੈ। ਮਨੁੱਖ ਦੇ ਆਪਣੇ ਜਾਨ ਮਾਲ ਤੋਂ ਬਿਨਾਂ ਫ਼ਸਲਾਂ, ਪਸ਼ੂਆਂ ਦਾ ਨੁਕਸਾਨ ਤੇ ਘਰਾਂ ਦੀ ਜੋ ਬਰਬਾਦੀ ਹੁੰਦੀ ਹੈ, ਉਸ ਨੂੰ ਮੁੜ ਲੀਹ 'ਤੇ ਲਿਆਉਣ ਲਈ ਹਰ ਘਰ ਪ੍ਰਵਾਰ ਨੂੰ ਕਈ-ਕਈ ਸਾਲ ਲੱਗ ਜਾਂਦੇ ਹਨ। ਜੇ ਅਸੀਂ ਉੱਤਰੀ ਭਾਰਤ ਦੀ ਹੀ ਗੱਲ ਕਰ ਲਈਏ, ਇੱਥੇ ਹਿਮਾਚਲ ਪ੍ਰਦੇਸ਼, ਪੰਜਾਬ, ਹਰਿਆਣਾ ਤੇ ਉੱਤਰਾਖੰਡ ਵਰਗੇ ਪ੍ਰਾਂਤ ਆਉਂਦੇ ਹਨ, ਇਨ੍ਹਾਂ ਵਿੱਚ ਕੋਈ ਨਾ ਕੋਈ ਕੁਦਰਤੀ ਕ੍ਰੋਪੀ ਚਲਦੀ ਹੀ ਰਹਿੰਦੀ ਹੈ। ਪੰਜਾਬ ਜਿਸ ਨੂੰ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਸੀ, ਹੁਣ ਭਾਵੇਂ ਤਿੰਨ ਦਰਿਆ ਹੀ ਬਾਕੀ ਹਨ ਪਰ ਇਨ੍ਹਾਂ ਦੀ ਮਾਰ ਵਿੱਚ ਬਹੁਤ ਸਾਰੇ ਉਪਜਾਊ ਖੇਤਰ ਹਨ। ਜਦੋਂ ਵੀ ਭਾਰੀ ਮੀਂਹ ਪੈਂਦੇ ਹਨ ਜਾਂ ਡੈਮਾਂ ਵਿੱਚ ਪਾਣੀ ਦਾ ਪੱਧਰ ਉੱਚਾ ਹੁੰਦਾ ਹੈ ਤਾਂ ਪੰਜਾਬ ਲਈ ਤਾਂ ਖ਼ਾਸ ਕਰਕੇ ਖ਼ਤਰੇ ਦੀ ਘੰਟੀ ਵਜਦੀ ਰਹਿੰਦੀ ਹੈ। ਅਸੀਂ ਦੇਖਿਆ ਕਿ ਸੰਨ 1988 ਵਿੱਚ ਵੀ ਪੰਜਾਬ ਦਾ ਹੜ੍ਹਾਂ ਕਾਰਨ ਕਾਫ਼ੀ ਨੁਕਸਾਨ ਹੋਇਆ ਸੀ। ਪੰਜਾਬ ਉਨ੍ਹਾਂ ਜ਼ਖ਼ਮਾਂ ਨੂੰ ਭੁੱਲਿਆ ਨਹੀਂ ਸੀ ਕਿ ਇਸ ਸਾਲ ਤਾਂ ਹੜ੍ਹਾਂ ਨੇ ਬਹੁਤ ਹੀ ਭਿਆਨਕ ਰੁੱਖ ਅਖਤਿਆਰ ਕਰ ਲਿਆ। ਪੰਜਾਬ ਦੇ ਸਾਰੇ ਦੇ ਸਾਰੇ ਜ਼ਿਲ੍ਹੇ ਪਾਣੀ ਹੀ ਪਾਣੀ ਹੋ ਗਏ। ਖੇਤ, ਖਲਿਆਣ ਦੀ ਗੱਲ ਕੀ ਕਰਨੀ, ਸਭ ਕੁੱਝ ਹੀ ਬਰਬਾਦ ਹੋ ਗਿਆ।



ਮਨੁੱਖ ਦੀ ਹੋਂਦ ਤੋਂ ਲੈ ਕੇ ਹੀ ਉਸ ਦੀ ਕੁਦਰਤੀ ਆਫ਼ਤਾਂ ਨਾਲ ਟੱਕਰ ਹੁੰਦੀ ਹੀ ਆਈ ਹੈ। ਜਦੋਂ ਉਹ ਜੰਗਲਾਂ ਵਿੱਚ ਰਹਿੰਦਾ ਸੀ ਤਾਂ ਜੰਗਲਾਂ ਨੂੰ ਅੱਗ ਲੱਗਣ ਕਾਰਣ ਉਸ ਨੂੰ ਜਾਨ ਬਚਾਉਣ ਦੇ ਯਤਨ ਕਰਨੇ ਪੈਂਦੇ ਸਨ। ਉਂਝ ਵੀ ਜੰਗਲ ਵਿੱਚ ਖ਼ੌਫਨਾਕ ਜੰਗਲੀ ਜੀਵਾਂ ਦੀ ਬਹੁਤਾਤ ਨਾਲ ਉਸ ਨੂੰ ਆਪਣੇ ਬਚਾ ਦੇ ਉਪਰਾਲੇ ਕਰਨੇ



ਪੈਂਦੇ ਸਨ। ਜਿਉਂ-ਜਿਉਂ ਮਨੁੱਖ ਨੂੰ ਸੋਝੀ ਆਈ, ਉਸ ਨੇ ਆਪਣੀ ਸੁਰੱਖਿਆ ਲਈ ਸਮਾਜ ਦਾ ਸਹਾਰਾ ਲਿਆ। ਸਮਾਜ ਵਿੱਚ ਰਹਿੰਦਿਆਂ ਉਸ ਨੂੰ ਬਹੁਤ ਸਾਰੀਆਂ ਸਹੂਲਤਾਂ ਮਿਲ ਜਾਂਦੀਆਂ ਅਤੇ ਇਸ ਦੇ ਨਾਲ ਹੀ ਉਸ ਦਾ ਸਮਾਜਕ ਜੀਵਨ ਪੱਧਰ ਵੀ ਬਦਲਦਾ ਗਿਆ।

ਜੇ ਅਸੀਂ ਅਜੋਕੇ ਸਮੇਂ ਦੀ ਗੱਲ ਕਰੀਏ ਤਾਂ ਸਮਾਜ ਵਿੱਚ ਰਹਿੰਦਿਆਂ ਹੀ ਉਸ ਨੂੰ ਬਹੁਤ ਮੁਸ਼ਕਲਾਂ ਦਾ ਮੁਕਾਬਲਾ ਕਰਨਾ ਪੈਂਦਾ ਹੈ। ਕੁਦਰਤੀ ਆਫ਼ਤਾਂ ਨੇ ਉਸ ਦਾ ਅੱਜ ਵੀ ਖਹਿੜਾ ਨਹੀਂ ਛੱਡਿਆ, ਕਦੇ ਝੱਖੜ, ਤੂਫਾਨ, ਭਾਰੀ ਮੀਂਹ, ਹੜ੍ਹ ਤੇ ਭੂਚਾਲ ਵਰਗੀਆਂ ਕੁਦਰਤੀ ਆਫ਼ਤਾਂ ਮਨੁੱਖ ਤੇ ਦੁੱਖਾਂ ਦੇ ਪਹਾੜ ਲੈ ਕੇ ਟਪਕਦੀਆਂ ਹਨ। ਸਮੇਂ ਦੀ ਤਰੱਕੀ ਦੇ ਨਾਲ ਭਾਵੇਂ ਮਨੁੱਖ ਨੇ ਸਮਾਜ ਵਿੱਚ ਰਹਿੰਦਿਆਂ ਆਪਣੇ ਘਰ ਬਣਾ ਕੇ ਸਮਾਜਕ ਸੁਰੱਖਿਆ ਵੀ ਲੈ ਲਈ ਹੈ ਪਰ ਕੁਦਰਤੀ ਆਫ਼ਤਾਂ ਤਾਂ ਪੂਰੀ ਕ੍ਰੋਪੀ ਨਾਲ ਉਸ ਤੇ ਵਰ੍ਹਦੀਆਂ ਹਨ। ਜਿਉਂ-ਜਿਉਂ ਵਿਕਾਸ ਹੁੰਦਾ ਗਿਆ, ਮਨੁੱਖ ਇਸ ਵਿੱਚੋਂ ਆਪਣੇ ਸੁੱਖ ਲੱਭਦਾ ਰਿਹਾ, ਪਰ ਨਾਲ ਹੀ ਉਹ ਕੁਦਰਤ ਤੋਂ ਦੂਰ ਹੁੰਦਾ ਗਿਆ। ਕੁਦਰਤ ਵੀ ਇਸ ਗੱਲ ਤੋਂ ਨਰਾਜ਼ ਨਜ਼ਰ ਆਉਂਦੀ ਤੇ ਸਮੇਂ-ਸਮੇਂ ਤੇ ਆਪਣਾ ਭਿਆਨਕ ਰੂਪ ਦਿਖਾ ਕੇ ਮਨੁੱਖ ਨੂੰ ਸੁਚੇਤ ਕਰਦੀ ਰਹੀ। ਪਰ ਮਨੁੱਖ ਤਾਂ ਆਪਣੇ ਸੁੱਖ ਆਰਾਮ ਲਈ ਅੰਨ੍ਹਾ ਹੋ ਕੇ ਵਿਕਾਸ ਨੂੰ ਹੀ ਆਪਣਾ ਮਨੋਰਥ ਸਮਝਦਾ ਰਿਹਾ ਪਰ ਉਹ ਅੰਨ੍ਹਾਂ ਵਿਕਾਸ, ਵਿਨਾਸ਼ ਵੀ ਬਣ ਸਕਦੈ।

ਆਜ਼ਾਦੀ ਤੋਂ ਬਾਅਦ ਸਰਕਾਰਾਂ ਨੇ ਲੋਕਾਂ ਦੇ ਮਾਲ-ਜਾਨ ਦੀ ਜ਼ੁੰਮੇਵਾਰੀ ਲੈਣ ਲਈ, ਸੁਰੱਖਿਆ ਨੇ ਅਨੇਕਾਂ ਪ੍ਰਬੰਧ ਕੀਤੇ, ਹੜ੍ਹਾਂ ਦੇ ਪਾਣੀ ਨੂੰ ਰੋਕ ਕੇ ਬੰਨ੍ਹ ਬਣਾ ਕੇ ਇਕੱਠਾ ਕਰਨਾ, ਨਦੀਆਂ-ਨਾਲਿਆਂ ਦੀ ਸੰਭਾਲ, ਨਵੀਆਂ ਨਹਿਰਾਂ ਬਣਾਉਣੀਆਂ, ਲੋਕਾਂ ਦੀ ਸਹੂਲਤ ਲਈ ਸੜਕਾਂ ਬਣਾਉਣੀਆਂ ਤੇ ਪਿੰਡਾਂ ਨੂੰ ਪਾਣੀ ਦੀ ਮਾਰ ਤੋਂ ਬਚਾਉਣ ਲਈ ਟੋਭੇ ਅਤੇ ਤਲਾਬਾਂ ਦਾ ਬੰਦੋਬਸਤ ਕਰਨ, ਲੋਕਾਂ ਨੇ ਵੀ ਇਕੱਠੇ ਹੋ ਕੇ ਪਾਣੀ ਜਾਂ ਹੜ੍ਹਾਂ ਦੀ ਮਾਰ ਤੋਂ ਬਚਣ ਲਈ ਨਦੀਆਂ ਤੇ ਦਰਿਆਵਾਂ ਦੇ ਕੰਢੇ ਬੰਨ੍ਹ ਬਣਾਉਣੇ ਸ਼ੁਰੂ ਕੀਤੇ। ਕੁਦਰਤੀ ਗੱਲ ਸੀ ਕਿ ਸਰਕਾਰਾਂ ਦੇ ਇਨ੍ਹਾਂ ਹਿੱਲਿਆਂ ਨਾਲ ਅਤੇ ਲੋਕਾਂ ਦੀ ਆਪਣੀ ਸਾਂਝ ਤੇ ਸੋਝੀ ਨਾਲ ਬਹੁਤ ਸਾਰੀਆਂ ਮੁਸੀਬਤਾਂ ਘੱਟ ਗਈਆਂ, ਪਰ ਮਨੁੱਖ ਨੇ ਜੋ ਵੱਡੀ ਗਲਤੀ ਕੀਤੀ ਕਿ ਉਹ ਕੁਦਰਤ ਨਾਲ ਪੰਗੇ ਲੈਣ ਲੱਗ ਪਿਆ, ਨਦੀਆਂ, ਦਰਿਆਵਾਂ ਦਾ ਖ਼ਨਣ, ਪਹਾੜਾਂ ਨੂੰ ਤੋੜਨਾ, ਰੁੱਖਾਂ ਨੂੰ ਕੱਟ ਜੰਗਲਾਂ ਦੇ ਜੰਗਲ ਬਰਬਾਦ ਕਰਨਾ ਕੁਦਰਤੀ ਕਰੋਪੀ ਨੂੰ ਸੱਦਾ ਹੀ ਤਾਂ ਹੈ। ਪਰ ਫਿਰ ਵੀ ਮਨੁੱਖ ਸਮਾਜਕ ਪ੍ਰਾਣੀ ਹੋਣ ਕਾਰਨ ਤੇ ਆਪਣੀਆਂ ਸਰਕਾਰਾਂ ਹੋਣ ਕਾਰਨ ਕੁੱਝ ਨਾ ਕੁੱਝ ਤਾਂ ਸੁਰੱਖਿਅਤ ਅਨੁਭਵ ਕਰਦਾ ਰਿਹਾ ਹੈ।

ਹੜ੍ਹ, ਭੂਚਾਲ, ਤੂਫਾਨ ਜਾਂ ਝੱਖੜ ਜਦੋਂ ਵੀ ਆਉਂਦੇ ਹਨ, ਉਦੋਂ ਮਨੁੱਖਤਾ ਦਾ ਬਹੁਤ ਨੁਕਸਾਨ ਹੁੰਦਾ ਹੈ। ਮਨੁੱਖ ਦੇ ਆਪਣੇ ਜਾਨ ਮਾਲ ਤੋਂ ਬਿਨਾਂ ਫ਼ਸਲਾਂ, ਪਸ਼ੂਆਂ ਦਾ ਨੁਕਸਾਨ ਤੇ ਘਰਾਂ ਦੀ ਜੋ ਬਰਬਾਦੀ ਹੁੰਦੀ ਹੈ, ਉਸ ਨੂੰ ਮੁੜ ਲੀਹ 'ਤੇ ਲਿਆਉਣ ਲਈ ਹਰ ਘਰ ਪ੍ਰਵਾਰ ਨੂੰ ਕਈ-ਕਈ ਸਾਲ ਲੱਗ ਜਾਂਦੇ ਹਨ। ਜੇ ਅਸੀਂ ਉੱਤਰੀ ਭਾਰਤ ਦੀ ਹੀ ਗੱਲ ਕਰ ਲਈਏ, ਇੱਥੇ ਹਿਮਾਚਲ ਪ੍ਰਦੇਸ਼, ਪੰਜਾਬ, ਹਰਿਆਣਾ ਤੇ ਉੱਤਰਾਖੰਡ ਵਰਗੇ ਪ੍ਰਾਂਤ ਆਉਂਦੇ ਹਨ, ਇਨ੍ਹਾਂ ਵਿੱਚ ਕੋਈ ਨਾ ਕੋਈ ਕੁਦਰਤੀ ਕ੍ਰੋਪੀ ਚਲਦੀ ਹੀ ਰਹਿੰਦੀ ਹੈ। ਪੰਜਾਬ ਜਿਸ ਨੂੰ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਸੀ, ਹੁਣ ਭਾਵੇਂ ਤਿੰਨ ਦਰਿਆ ਹੀ ਬਾਕੀ ਹਨ ਪਰ ਇਨ੍ਹਾਂ ਦੀ ਮਾਰ ਵਿੱਚ ਬਹੁਤ ਸਾਰੇ ਉਪਜਾਊ ਖੇਤਰ ਹਨ। ਜਦੋਂ ਵੀ ਭਾਰੀ ਮੀਂਹ ਪੈਂਦੇ ਹਨ ਜਾਂ ਡੈਮਾਂ ਵਿੱਚ ਪਾਣੀ ਦਾ ਪੱਧਰ ਉੱਚਾ ਹੁੰਦਾ ਹੈ ਤਾਂ ਪੰਜਾਬ ਲਈ ਤਾਂ ਖ਼ਾਸ ਕਰ ਕੇ ਖ਼ਤਰੇ ਦੀ ਘੰਟੀ ਵਜਦੀ ਰਹਿੰਦੀ ਹੈ। ਅਸੀਂ ਦੇਖਿਆ ਕਿ ਸੰਨ 1988 ਵਿੱਚ ਵੀ ਪੰਜਾਬ ਦਾ ਹੜ੍ਹਾਂ ਕਾਰਨ ਕਾਫ਼ੀ ਨੁਕਸਾਨ ਹੋਇਆ ਸੀ। ਪੰਜਾਬ ਉਨ੍ਹਾਂ ਜ਼ਖ਼ਮਾਂ ਨੂੰ ਭੁੱਲਿਆ ਨਹੀਂ ਸੀ ਕਿ ਇਸ ਸਾਲ ਤਾਂ ਹੜ੍ਹਾਂ ਨੇ ਬਹੁਤ ਹੀ ਭਿਆਨਕ ਰੁੱਖ ਅਖ਼ਤਿਆਰ ਕਰ ਲਿਆ। ਪੰਜਾਬ ਦੇ ਸਾਰੇ ਦੇ ਸਾਰੇ ਜ਼ਿਲ੍ਹੇ ਪਾਣੀ ਹੀ ਪਾਣੀ ਹੋ ਗਏ। ਖੇਤ, ਖਲਿਆਣ ਦੀ ਗੱਲ ਕੀ ਕਰਨੀ, ਸਭ ਕੁੱਝ ਹੀ ਬਰਬਾਦ ਹੋ ਗਿਆ। ਪਿੰਡਾਂ ਦੇ ਪਿੰਡ ਡੂੰਘੇ ਪਾਣੀ ਨਾਲ ਘਿਰ ਗਏ। ਲੋਕਾਂ ਦੀਆਂ ਜ਼ਿੰਦਗੀਆਂ ਖ਼ਤਰੇ ਵਿੱਚ ਆ ਗਈਆਂ। ਫ਼ਸਲਾਂ ਬਰਬਾਦ ਹੋ ਗਈਆਂ ਅਤੇ ਪਸ਼ੂ ਧਨ ਦਾ ਵੱਡਾ ਨੁਕਸਾਨ ਹੋਇਆ। ਹਿਮਾਚਲ ਦੇ ਪਹਾੜੀ ਇਲਾਕਿਆਂ ਵਿੱਚ ਭਾਰੀ ਮੀਂਹ ਅਤੇ ਡੈਮਾਂ ਤੋਂ ਛੱਡੇ ਅੰਤਾਂ ਦੇ ਪਾਣੀ ਨੇ ਸਭ ਕੁੱਝ ਆਪਣੀ ਲਪੇਟ ਵਿੱਚ ਲੈ ਲਿਆ। ਬਹੁਤ ਸਾਰੇ ਲੋਕਾਂ ਦੀਆਂ ਜਾਨਾਂ ਅਜਾਈਂ ਚਲੀਆਂ ਗਈਆਂ, ਲੋਕ ਬੇ-ਘਰ ਹੋਏ, ਮਜ਼ਦੂਰ ਰੁਜ਼ਗਾਰ ਤੋਂ ਵਿਹਲੇ ਹੋ ਕੇ ਰੋਟੀ ਲਈ ਤਰਸਣ ਲੱਗੇ। ਪਰ ਧੰਨ ਹਨ ਪੰਜਾਬ ਦੇ ਲੋਕ ਜੋ ਮੁਸੀਬਤਾਂ ਵਿੱਚ ਵੀ ਇਕਜੁੱਟ ਹੋ ਕੇ ਸਿਰ ਜੋੜ ਚਟਾਨ ਵਾਂਗ ਇਸ ਕੁਦਰਤੀ ਕਰੋਪੀ ਦਾ ਮੁਕਾਬਲਾ ਕਰਨ ਲੱਗੇ। ਲੋੜੀਂਦੀਆਂ ਚੀਜ਼ਾਂ ਅਤੇ ਲੰਗਰਾਂ ਦਾ ਅਜਿਹਾ ਪ੍ਰਬੰਧ ਹੋਇਆ ਕਿ ਕਿਸੇ ਵੀ ਮਨੁੱਖ ਨੂੰ ਭੁੱਖ ਹੱਥੋਂ ਬੇਹਾਲ ਨਹੀਂ ਹੋਣਾ ਪਿਆ। ਇਹ ਪੰਜਾਬੀਆਂ ਨੂੰ ਗੁਰੂਆਂ ਦੀ ਬਖਸ਼ਿਸ਼ ਦਾ ਹੀ ਨਤੀਜਾ ਸਮਝੋ।

ਪਰ ਦੁੱਖ ਤਾਂ ਉਦੋਂ ਹੋਇਆ ਕਿ ਇੰਨੀ ਵੱਡੀ ਕੁਦਰਤੀ ਆਫ਼ਤ ਆਉਣ ਦੇ ਬਾਵਜੂਦ ਵੀ ਇੱਥੇ ਸਿਆਸਤ ਆ ਵੜੀ। ਇਹ ਕੁਦਰਤੀ ਹੀ ਸੀ ਕਿ ਪੰਜਾਬ ਵਿੱਚ ਕਿਸੇ ਹੋਰ ਸਿਆਸੀ ਪਾਰਟੀ ਦਾ ਰਾਜ ਹੈ ਤੇ ਕੇਂਦਰ ਵਿੱਚ ਹੋਰ ਰਾਜਨੀਤਕ ਪਾਰਟੀ ਦਾ ਰਾਜ ਹੈ। ਵੱਡੀ ਮੁਸੀਬਤ ਵਿੱਚ ਲੋਕਾਂ ਵੱਲੋਂ ਰਾਹਤ ਵੀ ਵੱਡੇ ਪੱਧਰ ਤੇ ਮੰਗੀ ਜਾਣੀ ਸੀ, ਸਭ ਨੂੰ ਪਤਾ ਹੈ ਕਿ ਪੰਜਾਬ ਦਾ ਬੇ-ਹਿਸਾਬਾ ਨੁਕਸਾਨ ਹੋਇਆ ਹੈ। ਦੂਜੀ ਮੁਸ਼ਕਲ ਇਹ ਸੀ ਕਿ ਇਹ ਹੜ੍ਹ ਬੜੇ ਲੰਮੇ ਸਮੇਂ ਤੱਕ ਬਰਕਰਾਰ ਰਹੇ। ਕਿੰਨੇ ਦਿਨਾਂ ਤੋਂ ਪਾਣੀ ਪਿੰਡਾਂ ਦੁਆਲੇ ਖੇਤਾਂ ਵਿੱਚ ਖੜ੍ਹਾ ਹੈ। ਮੰਤਰੀਆਂ ਅਤੇ ਕੇਂਦਰੀ ਮੰਤਰੀਆਂ ਦੇ ਦੌਰੇ ਸ਼ੁਰੂ ਹੋ ਚੁੱਕੇ ਹਨ ਪਰ ਰਾਹਤ ਦੇ ਕਾਰਜਾਂ ਨੂੰ ਲੈ ਕੇ ਮੁਆਵਜ਼ਾ ਰਾਸ਼ੀ ਤੇ ਹੋਰ ਸਹੂਲਤਾਂ ਦੇ ਪ੍ਰਬੰਧ ਲਈ ਵੱਡੇ ਪੱਧਰ ਤੇ ਰਾਜਨੀਤੀ ਹੋ ਰਹੀ ਹੈ। ਲੋਕ ਮੁਸੀਬਤ ਵਿੱਚ ਹਨ ਤੇ ਨੇਤਾ ਲੋਕ ਸਿਆਸਤ ਦੀ ਖੇਡ-ਖੇਡ ਰਹੇ ਹਨ। ਅਜੇ ਤਾਂ ਵੱਡੇ ਸੰਕਟ ਸਿਰ 'ਤੇ ਖੜ੍ਹੇ ਹਨ, ਖੇਤੀ ਨੂੰ ਮੁੜ ਲੀਹ 'ਤੇ ਲਿਆਉਣਾ, ਘਰਾਂ, ਸੜਕਾਂ, ਸਕੂਲਾਂ ਤੇ ਹਸਪਤਾਲਾਂ ਦੀ ਮੁਰੰਮਤ ਕਰਨੀ ਬਾਕੀ ਹੈ। ਲੰਮੇ ਸਮੇਂ ਤੋਂ ਪਾਣੀ ਖੜ੍ਹਾ ਹੋਣ ਕਾਰਨ ਭੈੜੀਆਂ ਬਿਮਾਰੀਆਂ ਦੇ ਫੈਲਣ ਦਾ ਡਰ ਹੈ ਪਰ ਇਹ ਸਭ ਕੁੱਝ ਛੱਡ ਸਿਆਸਤ ਲਈ ਰੋਟੀਆਂ ਸੇਕੀਆਂ ਜਾ ਰਹੀਆਂ ਹਨ, ਪਰ ਫਿਰ ਵੀ ਜਿਨ੍ਹਾਂ ਲੋਕਾਂ ਨੇ ਇਸ ਮੁਸੀਬਤ ਦੀ ਘੜੀ ਵਿੱਚ ਮਨੁੱਖਤਾ ਦੀ ਸੇਵਾ ਲਈ ਅਥਾਹ ਯਤਨ ਕੀਤੇ ਹਨ, ਪੰਜਾਬੀਆਂ ਦੀ ਮਦਦ ਕੀਤੀ ਹੈ, ਉਹ ਧਨਵਾਦ ਦੇ ਹੱਕਦਾਰ ਹਨ। ਇੱਥੇ ਸਿਆਸਤਦਾਨਾਂ ਨੂੰ ਵੀ ਅਪੀਲ ਹੈ ਕਿ ਮੌਕਾ ਸੇਵਾ ਦਾ ਹੈ, ਸਿਆਸਤ ਲਈ ਹੋਰ ਬੜੇ ਮੌਕੇ ਮਿਲਣਗੇ, ਇਸ ਲਈ ਮਨੁੱਖਤਾ ਦੇ ਦੁਖਾਂਤ ਨੂੰ ਘੱਟ ਕਰਨ ਵਿੱਚ ਜੁੱਟ ਜਾਵੋ।

## ਕੀ ਹੜ੍ਹ ਫੇਰ ਆਵੇਗਾ?

ਸਵਾਲ ਥੋੜ੍ਹਾ ਔਖਾ ਹੈ ਪਰ ਇਸ ਨੂੰ ਸਮਝਣ ਲਈ ਕੁਝ ਗੱਲਾਂ ਦਾ ਜਾਣਨਾ ਜ਼ਰੂਰੀ ਹੈ। ਧਰਤੀ ਦੀ ਬਣਤਰ ਐਸੀ ਹੈ ਕਿ ਇਸ 'ਤੇ ਪਹਾੜਾਂ ਵਿੱਚੋਂ ਨਿਕਲ ਕੇ ਬਹੁਤ ਸਾਰੇ ਦਰਿਆ ਵਗਦੇ ਹਨ ਤੇ ਧਰਤੀ ਦੀਆਂ ਤੈਹਾਂ ਵਿੱਚ ਰੇਤੇ ਦੀਆਂ ਤੈਹਾਂ ਵੀ ਹੁੰਦੀਆਂ ਹਨ। ਇਹ ਪਹਾੜਾਂ ਤੋਂ ਸ਼ੁਰੂ ਹੋ ਕੇ ਮੈਦਾਨਾਂ ਵਿੱਚ ਆਉਂਦੀਆਂ ਹਨ ਅਤੇ ਉੱਥੇ ਇਨ੍ਹਾਂ ਵਿੱਚ ਬਰਫ਼ ਦਾ ਸਿੰਮਿਆ ਹੋਇਆ ਪਾਣੀ ਚਲਦਾ ਹੈ। ਇਸੇ ਪਾਣੀ ਨੂੰ ਅਸੀਂ ਧਰਤੀ ਵਿੱਚੋਂ ਪੰਪਾਂ ਰਾਹੀਂ ਬਾਹਰ ਕੱਢਦੇ ਹਾਂ। ਹੁਣ ਅਸੀਂ ਦੇਖਦੇ ਹਾਂ ਕਿ ਧਰਤੀ ਦੀਆਂ ਉਪਰਲੀਆਂ ਤੈਹਾਂ ਵਿੱਚ ਇਹ ਪਾਣੀ ਘੱਟ ਗਿਆ ਹੈ ਪਰ ਹੇਠਲੀਆਂ ਤੈਹਾਂ ਵਿੱਚ ਹਾਲੇ ਵੀ ਹੈ। ਉੱਪਰਲੀਆਂ ਤੈਹਾਂ ਵਿੱਚ ਪਾਣੀ ਘਟਣ ਦੇ ਕੀ ਕਾਰਨ ਹਨ ? ਇਸ ਦਾ ਕਾਰਨ ਇਹ ਹੈ ਕਿ ਪਹਾੜਾਂ ਵਿੱਚ ਵਿਕਾਸ ਦੇ ਨਾਂਅ 'ਤੇ ਰੁੱਖਾਂ ਤੇ ਪਹਾੜਾਂ ਦੀ ਬਹੁਤ ਕੱਟ-ਵੱਢ ਹੋ ਰਹੀ ਹੈ। ਜਦੋਂ ਪਹਾੜ ਕੱਟੇ ਜਾਣ ਤਾਂ ਉਸ ਦੇ ਨਾਲ ਰੇਤੇ ਦੇ ਦਰਿਆ ਜਿਹੜੇ ਧਰਤੀ ਥੱਲੇ ਵਗਦੇ ਹਨ, ਉਹ ਵੀ ਕੱਟੇ ਜਾਂਦੇ ਹਨ। ਉਨ੍ਹਾਂ ਵਿੱਚ ਜਿਹੜਾ ਬਰਫ ਦਾ ਸਿਮ ਕੇ ਪਾਣੀ ਮੈਦਾਨਾਂ ਤੱਕ ਪਹੁੰਚਣਾ ਹੁੰਦਾ ਹੈ, ਉਹ ਪਹੁੰਚਣੋਂ ਹੱਟ ਜਾਂਦਾ ਹੈ। ਇਸ ਤੋਂ ਇਲਾਵਾ ਪਹਾੜਾਂ ਵਿੱਚ ਵੀ ਵਸੋਂ ਵਧਣ ਕਰਕੇ ਪਾਣੀ ਦੀ ਲੋੜ ਵਧ ਗਈ ਹੈ। ਹੁਣ ਸਵਾਲ ਇਹ ਹੈ ਕਿ ਜਦੋਂ ਪਾਣੀ ਮੈਦਾਨਾਂ ਵਿੱਚ ਨਹੀਂ ਪਹੁੰਚ ਰਿਹਾ ਤਾਂ ਉਹ ਪਾਣੀ ਕਿੱਥੇ ਜਾਂਦਾ ਹੈ ? ਉਹ ਪਹਾੜ ਵਿੱਚ ਹੀ ਜਮ੍ਹਾਂ ਹੋਣਾ ਸ਼ੁਰੂ ਹੋ ਜਾਂਦਾ ਹੈ। ਕੁਝ ਸਮੇਂ ਬਾਅਦ ਉਸ ਦਾ ਅਜਿਹਾ ਦਬਾਅ ਬਣਦਾ ਹੈ ਕਿ ਪਹਾੜ ਤੱਕ ਉਸ ਪਾਣੀ ਦੇ ਨਾਲ ਫਟ ਕੇ ਡਿਗਣੇ ਸ਼ੁਰੂ ਹੋ ਜਾਂਦੇ ਹਨ। ਇਹੀ ਕਾਰਨ ਹੈ ਕਿ ਪਿਛਲੇ ਸਮੇਂ ਵਿੱਚ ਬਹੁਤ ਸਾਰੇ ਪਹਾੜਾਂ ਵਿੱਚ ਜ਼ਮੀਨਾਂ ਖਿਸਕੀਆਂ ਜਾਂ ਪਹਾੜ ਖਿਸਕੇ। ਜਦੋਂ ਪਹਾੜ ਖਿਸਕਣ ਤਾਂ ਉਹ ਪਾਣੀ ਦਰਿਆਵਾਂ ਵਿੱਚ ਵੱਧਦਾ ਹੈ ਤੇ ਜਿਹੜਾ ਨਵਾਂ ਪਾਣੀ ਹੈ, ਉਸ ਨਾਲ ਵੀ ਦਰਿਆਵਾਂ ਵਿੱਚ ਪਾਣੀ ਵੱਧ ਜਾਂਦਾ ਹੈ। ਇਸ ਵਧੇ ਪਾਣੀ ਨੂੰ ਡੈਮ ਰੋਕਦੇ ਹਨ ਤੇ ਡੈਮ ਸਮੇਂ ਤੋਂ ਪਹਿਲਾਂ ਭਰ ਜਾਂਦੇ ਹਨ, ਜਿਸ ਕਾਰਨ ਇਹ ਖੋਲ੍ਹਣੇ ਪੈਂਦੇ ਹਨ ਤੇ ਹੜ੍ਹਾਂ ਵਾਲੀ ਸਥਿਤੀ ਬਣ ਜਾਂਦੀ ਹੈ। ਇਹ ਨਹੀਂ ਸਮਝ ਲੱਗਦੀ ਕਿ ਜਿਹੜੇ ਪਹਾੜਾਂ 'ਤੇ ਇਹ ਪ੍ਰਕਿਰਿਆ ਚੱਲ ਰਹੀ ਹੈ, ਇਸ ਬਾਰੇ ਕਿਉਂ ਨਹੀਂ ਸੋਚਿਆ ਜਾਂਦਾ ਜਾਂ ਇਸ ਦਾ ਧਿਆਨ ਕਿਉਂ ਨਹੀਂ ਰੱਖਿਆ ਜਾਂਦਾ। ਡੈਮਾਂ ਵਿੱਚੋਂ ਪਾਣੀ ਸਾਰਾ ਸਾਲ ਹੌਲੀ-ਹੌਲੀ ਕਰਕੇ ਛੱਡਣ ਦੀ ਪ੍ਰਕਿਰਿਆ ਵਰਤੀ ਜਾਣੀ ਚਾਹੀਦੀ ਹੈ। ਪਿਛਲੇ 80 ਸਾਲਾਂ ਵਿੱਚ ਸਾਡੀ ਕਿਸੇ ਵੀ ਸਰਕਾਰ ਨੇ ਦਰਿਆਵਾਂ ਨੂੰ ਡੂੰਘੇ ਕਰਨ ਜਾਂ ਕੰਢੇ ਮਜ਼ਬੂਤ ਕਰਨ ਬਾਰੇ ਨਹੀਂ ਸੋਚਿਆ। ਇਹੀ ਕਾਰਨ ਹੈ ਕਿ ਦਰਿਆਵਾਂ ਦਾ ਪਾਣੀ ਬਹੁਤ ਛੇਤੀ ਹੜ੍ਹ ਦਾ ਰੂਪ ਧਾਰ ਲੈਂਦਾ ਹੈ। ਬਾਕੀ ਜਿਹੜੇ ਨਾਜਾਇਜ਼ ਰੇਤਾ ਕੱਢਣ ਵਾਲੇ ਹਨ, ਉਹ ਵੀ ਇਸ ਵਿੱਚ ਕੁਝ ਹੱਦ ਤੱਕ ਭਾਗੀਦਾਰ ਹਨ। ਇਸ ਲਈ ਇਹ ਗੱਲ ਪੱਕੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਮੀਂਹ ਵਰ੍ਹਣਗੇ। ਇਸ ਬਾਰੇ ਸਾਇੰਸਦਾਨ ਪਹਿਲਾਂ ਹੀ ਕਹਿ ਚੁੱਕੇ ਹਨ ਕਿਉਂਕਿ ਸਮੁੰਦਰੀ ਤਲ ਵਧਦਾ ਜਾ ਰਿਹਾ ਹੈ। ਕਹਿੰਦੇ ਹਨ ਕਿ 2050 ਤੱਕ ਦੁਨੀਆਂ ਦੇ ਕਈ ਸ਼ਹਿਰਾਂ ਦੇ ਕੁਝ ਹਿੱਸੇ ਸਮੁੰਦਰ ਵਿੱਚ ਡੁੱਬ ਜਾਣਗੇ। ਜਦੋਂ ਸਮੁੰਦਰ ਦੀ ਸਤ੍ਹਾ ਵੱਧ ਜਾਵੇਗੀ ਤਾਂ ਮੀਂਹ ਵੀ ਵੱਧ ਪੈਣਗੇ ਤੇ ਪਹਾੜਾਂ ਉੱਪਰ ਬਰਫ਼ ਵੀ ਵੱਧ ਪਏਗੀ। ਪਾਣੀ ਦਾ ਚਾਰੇ ਪਾਸਿਓਂ ਧਰਤੀ 'ਤੇ ਦਬਾਅ ਵਧੇਗਾ। ਇਸ ਲਈ ਭਵਿੱਖ ਵਿੱਚ ਜੇਕਰ ਮਨੁੱਖ ਨੇ ਅਕਲ ਨਾ ਵਰਤੀ ਤੇ ਤਕਨੀਕੀ ਕਾਰਨਾਂ ਨੂੰ ਸਮਝ ਕੇ ਆਪਣੇ ਦਰਿਆਵਾਂ ਨੂੰ ਠੀਕ ਨਾ ਕੀਤਾ ਤਾਂ ਇਹ ਹੜ੍ਹ ਫਿਰ ਆਉਣਗੇ ਤੇ ਆਉਂਦੇ ਹੀ ਰਹਿਣਗੇ, ਜਦ ਤੱਕ ਮਨੁੱਖ ਆਪਣੀ ਗਲਤੀ ਨਹੀਂ ਸੁਧਾਰਦਾ।



ਜਨਮੇਜਾ ਸਿੰਘ ਜੌਹਲ
ਮੋਬਾਇਲ 98159-45018

**ਕੁੱਲ ਮਿਲਾ ਕੇ ਜਿਸ ਤਰ੍ਹਾਂ ਅਮਰੀਕਾ ਨੇ ਇਕਦਮ ਆਮਦ ਵਾਲੀਆਂ ਵਸਤੂਆਂ ਤੇ ਟੈਕਸ ਵਧਾ ਕੇ ਸਾਰੀ ਦੁਨੀਆ ਨੂੰ ਸ਼ਸ਼ੋਪੰਜ ਵਿੱਚ ਪਾ ਦਿੱਤਾ ਹੈ । ਇਸ ਵਕਤ ਬਹੁਤ ਸੋਚ ਸਮਝ ਕੇ ਬਿਨ੍ਹਾਂ ਕਿਸੇ ਦਬਾਅ ਦੇ ਦੇਸ਼ ਦੇ ਹਿੱਤ ਅੱਗੇ ਰੱਖ ਕੇ ਫ਼ੈਸਲੇ ਲੈਣ ਦੀ ਲੋੜ ਹੈ ਤਾਂ ਕਿ ਦੇਸ਼ ਦੀ ਆਰਥਿਕਤਾ ਨੂੰ ਸੱਟ ਨਾ ਵੱਜੇ ।**



# ਅਮਰੀਕੀ ਟੈਰਿਫ ਅਤੇ ਭਾਰਤ



ਡਾ. ਅਮਨਪ੍ਰੀਤ ਸਿੰਘ ਬਰਾੜ
ਮੋ. 96537-9000

ਜਦੋਂ ਤੋਂ ਅਮਰੀਕਾ ਵਿੱਚ ਸਰਕਾਰ ਬਦਲੀ ਹੈ ਉਸੇ ਸਮੇਂ ਤੋਂ ਉਸਨੇ ਦੂਜੇ ਦੇਸ਼ਾਂ ਨਾਲ ਵਪਾਰ ਵਿੱਚ ਅਮਰੀਕਾ ਨੂੰ ਮੁੱਖ ਰੱਖਣ ਦੀ ਗੱਲ ਛੇੜ ਦਿੱਤੀ ਹੈ । ਇਸ ਵਿੱਚ ਜਿਹੜੇ ਦੇਸ਼ ਅਮਰੀਕਾ ਨਾਲ ਵਪਾਰ ਚਾਹੁੰਦੇ ਹਨ ਉਹ ਆਪਣੇ ਨਿਯਮ ਸੁਖਾਲੇ ਕਰਨ ਅਤੇ ਅਮਰੀਕਾ ਨੂੰ ਆਪਣੇ ਦੇਸ਼ ਵਿੱਚ ਵਪਾਰ ਕਰਨ ਦੀ ਖੁੱਲ੍ਹ ਦੇਣ ਨਹੀਂ ਤਾਂ ਉਹਨਾਂ ਤੇ ਵੱਡੀ ਟੈਰਿਫ ਲਗਾਈ ਜਾਂਦੀ ਹੈ । ਅਮਰੀਕਾ ਨੇ ਭਾਰਤ ਨੂੰ ਆਪਣੇ ਨਾਲ ਦੁੱਵਲੇ ਵਪਾਰ ਲਈ ਨਿਯਮ ਸੁਖਾਲੇ ਕਰਨ ਦੀ ਗੱਲ ਕੀਤੀ ਹੈ । ਇਹ ਗੱਲਬਾਤ ਚੱਲ ਹੀ ਰਹੀ ਸੀ ਕਿ ਅਮਰੀਕਾ ਨੇ ਭਾਰਤ ਨੂੰ ਰੂਸ ਤੋਂ ਕੱਚੇ ਤੇਲ ਦੀ ਬਰਾਮਦ ਤੇ ਰੋਕ ਲਗਾਉਣ ਨੂੰ ਕਹਿ ਦਿੱਤਾ ਇਸ ਤੋਂ ਭਾਰਤ ਨੇ ਨਾਂਹ ਕਰ ਦਿੱਤੀ । ਅਮਰੀਕਾ ਨੇ ਤਲਖੀ ਵਿੱਚ ਆ ਕੇ ਪਹਿਲਾਂ 25 ਫ਼ੀਸਦੀ ਟੈਰਿਫ ਲਾਉਣਾ ਸੀ ਉਸ ਨੂੰ 50 ਫ਼ੀਸਦੀ ਕਰ ਦਿੱਤਾ ਜੋ 27 ਅਗਸਤ 2025 ਤੋਂ ਚਾਲੂ ਕਰ ਦਿੱਤਾ ਹੈ । ਇਹ ਟੈਰਿਫ ਅਜੇ ਚਾਲੂ ਨਹੀਂ ਸੀ ਹੋਇਆ ਜਦੋਂ ਸਾਡੇ ਉਦਯੋਗਪਤੀਆਂ ਨੇ ਚਿੰਤਾ ਜ਼ਾਹਿਰ ਕੀਤੀ ਕਿ ਅਸੀਂ ਤਾਂ ਕੰਗਾਲ ਹੋ ਜਾਵਾਂਗੇ । ਉਸੇ ਸਮੇਂ ਕੇਂਦਰ ਸਰਕਾਰ ਦਾ ਬਿਆਨ ਆਇਆ ਕਿ ਜੋ ਵੀ ਬਰਾਮਦ (Export) ਵਿੱਚ ਘਾਟਾ ਪਿਆ ਉਹ ਸਰਕਾਰ ਪੂਰਾ ਕਰੇਗੀ । ਇਸੇ ਦੌਰਾਨ ਜਦੋਂ ਅਮੀਰਾਂ ਨੇ 50 ਫ਼ੀਸਦੀ ਟੈਰਿਫ ਦਾ ਐਲਾਨ ਕੀਤਾ ਤੇ ਸਰਕਾਰ ਝੁਕਦੀ ਨਜ਼ਰ ਨਹੀਂ ਆਈ । ਉਸ ਵੇਲੇ ਲਿਬਾਸ ਨਿਰਯਾਤ ਪ੍ਰੋਮੋਸ਼ਨ ਕੌਂਸਲ (Apparel export promotion council) ਦੇ ਚੇਅਰਮੈਨ ਤੇ ਮਾਨਯੋਗ ਪ੍ਰਧਾਨ ਮੰਤਰੀ ਜੀ ਨੂੰ ਚਿੱਠੀ ਲਿਖੀ ਅਤੇ ਆਪਣੀਆਂ ਸਮੱਸਿਆਵਾਂ ਬਾਰੇ ਦੱਸਿਆ । ਉਸ ਤੇ ਐਕਸ਼ਨ ਲੈਂਦੇ ਹੋਏ ਭਾਰਤ ਸਰਕਾਰ ਨੇ ਜੋ 11 ਫ਼ੀਸਦੀ ਡਿਊਟੀ ਰੂੰ ਦੀ ਦਰਆਮਦ ਤੇ ਲਗਾਈ ਸੀ ਉਹ ਹਟਾ ਦਿੱਤੀ । ਪਹਿਲਾਂ ਇਸ ਨੂੰ 30 ਸਤੰਬਰ ਤੱਕ ਹਟਾਇਆ ਗਿਆ ਫਿਰ ਜਦੋਂ ਵਪਾਰੀਆਂ ਨੇ ਕਿਹਾ ਕਿ ਇਹ ਸਮਾਂ ਘੱਟ ਹੈ ਕਿ ਉਹਨਾਂ ਤੋਂ ਤਾਂ ਇਹਨੇ ਸਮੇਂ ਵਿੱਚ ਆਰਡਰ ਹੀ ਨਹੀਂ ਕੀਤੇ ਜਾਣੇ ਇਸ ਦੀ ਮਿਆਦ ਵਧਾ ਕੇ 31 ਦਸੰਬਰ ਤੱਕ ਕਰ ਦਿੱਤੀ ਹੈ ।

ਅੱਜ ਇਸ ਦਾ ਸਿੱਧਾ ਅਸਰ ਕਿਸਾਨੀ ਤੇ ਪੈਂਦਾ ਹੈ । ਸਰਕਾਰ ਨੇ ਜੋ ਕਾਟਨ ਦੀ ਦਰਆਮਦ ਤੇ ਡਿਊਟੀ ਲਾਈ ਸੀ 11 ਫ਼ੀਸਦੀ ਤਾਂ ਜੋ ਛੋਟੇ ਕਿਸਾਨਾਂ ਨੂੰ ਬਚਾਇਆ ਜਾ ਸਕੇ । ਪਰ ਹੁਣ ਸਰਕਾਰ ਨੇ ਇਹਨਾਂ ਨੂੰ ਅੱਖੋਂ ਪਰੋਖੇ ਕਰ ਦਿੱਤਾ । ਅੱਜ ਜਦੋਂ ਅਕਤੂਬਰ ਵਿੱਚ ਆਪਣੀ ਫ਼ਸਲ ਆਉਣੀ ਹੈ ਉਸਨੂੰ ਵਪਾਰੀ ਖਰੀਦ ਕੇ ਜ਼ਰੂਰਤ ਪੂਰੀ ਕਰ ਸਕਦੇ ਸੀ । ਇਸ ਪਿੱਛੇ ਵਪਾਰੀਆਂ ਨੇ ਆਪਣਾ ਫਾਇਦਾ ਦੇਖਿਆ ਹੈ, ਕਿਸਾਨਾਂ ਦਾ ਨੁਕਸਾਨ ਕਰਕੇ । ਇਸ ਵਾਰ ਕਾਟਨ ਉਹਨਾਂ ਚਾਰ ਫ਼ਸਲਾਂ ਵਿੱਚ ਸੀ ਜਿਹਨਾਂ ਦੀ ਐਮ ਐਸ ਪੀ ਸਭ ਤੋਂ ਵੱਧ ਵਧਾਈ ਸੀ । ਪਰ ਵਪਾਰੀਆਂ ਨੇ ਇਹ ਅਮਰੀਕੀ ਕਾਟਨ 5201 ਨੂੰ ਖੁੱਲਵਾ ਕੇ ਘਰੇਲੂ ਕਾਟਨ ਦੀਆਂ ਕੀਮਤਾਂ ਘਟਾ ਦੇਣੀਆਂ ਹਨ ਕਿਉਂਕਿ ਉਨ੍ਹਾਂ ਨੂੰ ਇਸਦੀ ਲੋੜ ਨਹੀਂ ਆਖਿਰ ਕਿਸਾਨ ਆਪੇ ਘੱਟੇ ਰੇਟ ਤੇ ਵੇਚਣਗੇ ਇਸੇ ਕਰਕੇ ਵਪਾਰੀ ਐਮ ਐਸ ਪੀ ਦਾ ਕਾਨੂੰਨ ਨਹੀਂ ਬਣਨ ਦਿੰਦੇ । ਉੱਧਰ ਅਮਰੀਕਾ ਦੀ ਖੇਤੀ ਜੋ ਹੁਣ ਤਕਰੀਬਨ ਕਾਰਪੋਰੇਟ ਦੇ ਕੰਟਰੋਲ ਵਿੱਚ ਉਹ ਹੌਲੀ-ਹੌਲੀ ਸਾਡੀ ਪੈਦਾਵਾਰ ਨੂੰ ਖ਼ਤਮ ਕਰਕੇ ਆਪਣੀ ਮੰਡੀ ਪੱਕੀ ਕਰਨ ਦੀ ਫਰਾਕ ਵਿੱਚ ਹਨ । ਜਦੋਂ ਸਾਡੀ ਪੈਦਾਵਾਰ ਘੱਟ ਗਈ ਤਾਂ ਉਹਨਾਂ ਦੀ ਮਨੋਪਲੀ ਹੋਊਗੀ ਉਹ ਜੋ ਮਰਜ਼ੀ ਭਾਅ ਮੰਗ ਸਕਣਗੇ । ਇਸ ਵਿੱਚ ਕਾਰਪੋਰੇਟ ਦੀ ਦੂਜੀ ਚਾਲ ਵੀ ਹੈ ਕਿ ਇਸ ਤਰ੍ਹਾਂ ਕਿਸਾਨਾਂ ਨੂੰ ਕਮਜ਼ੋਰ ਕਰਕੇ ਜ਼ਮੀਨ ਛੱਡ ਕੇ ਭੱਜਣ ਲਈ ਮਜ਼ਬੂਰ ਕਰਨਾ ਤਾਂ ਜੋ ਖੇਤੀ ਪੈਦਾਵਾਰ ਤੇ ਕਾਰਪੋਰੇਟ ਭਾਰਤ ਵਿੱਚ ਵੀ ਕਾਬਜ ਹੋ ਸਕੇ ।

ਦੂਜੀ ਵਿਸ਼ਵ ਜੰਗ ਤੋਂ ਬਾਅਦ ਦੇਸ਼ਾਂ




ਦਾ ਆਪਸ ਵਿੱਚ ਵਪਾਰ 1948 ਵਿੱਚ ਗੇਟ (GATT, General Agreement on Trade & Tariffs) ਬਣਾ ਕੇ ਹੋਇਆ ਸੀ । ਇਸ ਵਿੱਚ ਕਾਫ਼ੀ ਕਮੀਆਂ ਸਨ ਜਿਸ ਤਰ੍ਹਾਂ ਪੱਕੇ ਮੈਂਬਰ ਨਾ ਹੋਣਾ ਫੇਰ ਜੇ ਆਪਸ ਵਿੱਚ ਵਿਵਾਦ ਹੋ ਜਾਂਦਾ ਹੈ ਤਾਂ ਕਿਸ ਦੀ ਜ਼ਿੰਮੇਵਾਰੀ ਹੋਊਗੀ । ਇਸ ਲਈ 1995 ਵਿੱਚ ਡੰਕਲ ਕਾਨਫਰੈਂਸ ਵਿੱਚ ਗੇਟ ਨੂੰ ਬਦਲ ਕੇ ਵਿਸ਼ਵ ਵਪਾਰ ਸੰਗਠਨ (WTO) ਬਣਾਇਆ ਗਿਆ । ਉਸ ਵੇਲੇ ਤਕਰੀਬਨ 123 ਦੇਸ਼ ਡਬਲਿਊ ਟੀ ਓ ਦੇ ਮੈਂਬਰ ਸਨ, ਜੋ ਹੁਣ ਵਧ ਕੇ 166 ਹੋ ਗਏ । ਇਸ ਵਿੱਚ 14 ਸਮਝੌਤੇ ਵਸਤੂਆਂ ਨਾਲ ਜੁੜੇ ਸੀ ਅਤੇ ਇੱਕ ਸਮਝੌਤਾ ਸਰਵਿਸ਼ਿਜ ਨਾਲ ਸੀ । 14 ਸਮਝੌਤੇ ਜੋ ਵਸਤੂਆਂ ਦੇ ਸਨ ਉਹਨਾਂ ਨੂੰ ਵਸਤੂ ਵਪਾਰ (Trade in Goods) ਦਾ ਨਾਮ ਦਿੱਤਾ ਸੀ ਇਸ ਵਿੱਚ ਖੇਤੀ ਅਤੇ ਸਹਾਇਕ ਧੰਦਿਆਂ ਨੂੰ ਵੀ ਜੋੜ ਲਿਆ ਗਿਆ ਸੀ । ਉਸ ਸਮੇਂ ਵਿਕਾਸਸ਼ੀਲ ਅਤੇ ਪਛੜੇ ਦੇਸ਼ਾਂ ਨੇ ਰੌਲਾ ਪਾਇਆ ਤਾਂ ਖੇਤੀ ਅਤੇ ਸਹਾਇਕ ਧੰਦਿਆਂ ਦੇ ਵਪਾਰ ਨੂੰ ਇੱਕ ਦਮ ਖੋਲਣ ਤੇ ਰੋਕ ਲਗਾ ਦਿੱਤੀ ਅਤੇ ਵਿਕਸਤ ਦੇਸ਼ਾਂ ਨੂੰ 6 ਸਾਲ ਅਤੇ ਵਿਕਾਸਸ਼ੀਲ ਨੂੰ 10 ਸਾਲ ਦਾ ਸਮਾਂ ਦਿੱਤਾ ਗਿਆ ਕਿ ਹੌਲੀ-ਹੌਲੀ ਤੁਸੀਂ ਆਪਣੇ ਖੇਤੀ ਖੇਤਰਾਂ ਨੂੰ ਠੀਕ ਕਰ ਲਓ । ਪਿਛਲੇ ਸਮੇਂ ਵਿੱਚ ਐਮ ਐਸ ਪੀ ਅਤੇ ਸਰਕਾਰੀ ਖਰੀਦ ਨੂੰ ਲੈ ਕੇ ਭਾਰਤ ਤੇ ਦਬਾ ਦੇ ਪ੍ਰਤੀਕਰਣ ਬਣਦੇ ਰਹੇ ਹਨ ਖਾਸ ਕਰਕੇ ਅਮਰੀਕਾ ਵੱਲੋਂ ਪਰ ਜਦੋਂ ਤੋਂ ਚੀਨ ਅਤੇ ਪਾਕਿਸਤਾਨ ਵਿਚਕਾਰ ਸਮਝੌਤੇ ਹੋਏ ਤਾਂ ਅਮਰੀਕਾ ਦਾ ਰੁਖ਼ ਭਾਰਤ ਲਈ ਕੁੱਝ ਨਰਮ ਹੋਇਆ । ਕਈ ਦੇਸ਼ਾਂ ਨੇ ਰਲ ਕੇ ਖੇਤਰੀ ਬਲਾਕ ਵੀ ਬਣਾਏ ਯਾਨੀ ਕਹਿ ਲਓ ਕਿ ਜੋ ਨਾਲ-ਨਾਲ ਲੱਗਦੇ ਸਨ ਉਹਨਾਂ ਨੇ ਇਕੱਠੇ ਹੋ ਕੇ ਆਪਣੇ ਨਿਯਮ ਬਣਾ ਲਏ ਕਿ ਉਹ ਦੇਸ਼ ਬਾਕੀ ਦੇਸ਼ਾਂ ਨਾਲ ਵਪਾਰਕ ਮਾਮਲਿਆਂ ਵਿੱਚ ਕਿਸ ਤਰ੍ਹਾਂ ਨਜਿੱਠਣਗੇ । ਇਸ ਵਿੱਚ ਪ੍ਰਮੁੱਖ ਸੀ ਨਾਫਟਾ (NAFTA North America Free Trade Agreement) ਇਸ ਵਿੱਚ ਉੱਤਰੀ ਅਮਰੀਕਾ, ਕਨੇਡਾ ਅਤੇ ਦੱਖਣੀ ਅਮਰੀਕਾ ਦੇ ਦੇਸ਼ ਸ਼ਾਮਲ ਸਨ । ਇਸ ਤਰ੍ਹਾਂ ਯੂਰਪੀਅਨ ਯੂਨੀਅਨ, ਸਾਰਕ ਅਤੇ ਹੁਣ ਬਹੁ ਚਰਚਿਤ (ਬਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫ਼ਰੀਕਾ) ਹਨ ਹੁਣ ਚਾਰ ਨਵੇਂ ਦੇਸ਼ ਹੋਰ ਜੁੜੇ ਹਨ ਮਿਸਰ, ਇਥੋਪੀਆ, ਇਰਾਨ ਅਤੇ ਯੂ ਏ ਈ (Egypt, Ethiopia, Iran ਅਤੇ UAE) । ਇਥੇ ਇੱਕ ਗੱਲ ਸਪਸ਼ਟ ਹੈ ਕਿ ਜਿੱਥੇ ਜ਼ਿਆਦਾ ਦੇਸ਼ ਇਕੱਠੇ ਹੋਣਗੇ ਉੱਥੇ ਵਿਕਾਸਸ਼ੀਲ ਦੇਸ਼ ਵਿਕਸਤ ਦੇਸ਼ਾਂ ਦੀਆਂ ਨੀਤੀਆਂ ਦਾ ਝੁਕਾਅ ਆਪਣੇ ਵੱਲ ਕਰ ਸਕਦੇ ਹਨ । ਜਦੋਂ ਭਾਰਤ ਦੀ ਨਿੰਮ, ਹਲਦੀ ਅਤੇ ਬਾਸਮਤੀ ਨੂੰ ਅਮਰੀਕਾ ਨੇ ਆਪਣਾ ਦੱਸ ਕੇ ਪੇਟੈਂਟ ਕਰਵਾ ਲਿਆ ਤਾਂ ਭਾਰਤ ਨੇ ਵਿਸ਼ਵ ਵਪਾਰ ਸੰਗਠਨ ਦੀ ਕਚਿਹਰੀ ਡਿਸਪਿਊਟ ਸੈਟਲਮੈਂਟ ਸੰਸਥਾ ਵਿੱਚ ਪਹੁੰਚਿਆ ਤਾਂ ਕੁੱਝ ਸਫ਼ਲਤਾ ਜ਼ਰੂਰ ਮਿਲੀ । ਗੱਲ ਹੈ ਕਿ ਸ਼ਿਕਾਇਤ ਨਿਵਾਰਨ ਲਈ ਸਾਂਝੀ ਸੰਸਥਾ ਤਾਂ ਹੈ ।

ਇੱਕ ਗੱਲ ਹੋਰ ਵੀ ਧਿਆਨ ਦੇਣ ਵਾਲੀ ਹੈ ਵਿਕਸਤ ਦੇਸ਼ ਵਿਕਾਸਸ਼ੀਲ ਦੇਸ਼ਾਂ ਤੋਂ ਆਉਣ ਵਾਲੇ ਸਮਾਨ ਤੇ ਵਾਤਾਵਰਨ ਟੈਕਸ ਲਗਾਉਣ ਦੀਆਂ ਯੋਜਨਾਵਾਂ ਵੀ ਬਣਾ ਰਹੇ ਹਨ । ਅੱਜ ਹਾਲਾਤ ਇਹ ਹਨ ਕਿ ਹਰ ਵਿਕਸਤ ਦੇਸ਼ ਆਪਣਾ ਪਾਣੀ ਬਚਾਉਣ ਲਈ ਉਦਯੋਗ ਵਿਕਾਸਸ਼ੀਲ ਦੇਸ਼ਾਂ ਵਿੱਚ ਭੇਜ ਰਹੇ ਹਨ ਅਤੇ ਖੇਤੀ ਲਈ ਪਾਣੀ ਵਧਾ ਕੇ ਉਸ ਦੀ ਨਿਰਭਰਤਾ ਦੂਜਿਆਂ ਤੇ ਘਟਾਈ ਜਾ ਰਹੀ ਹੈ ਉੱਤਰ ਵਿਕਾਸਸ਼ੀਲ ਦੇਸ਼ਾਂ ਵੱਲੋਂ ਬਣਾਈਆਂ ਵਸਤੂਆਂ ਤੇ ਡਿਊਟੀ ਘਟਾ ਕੇ ਵਾਤਾਵਰਨ ਟੈਕਸ ਲਗਾਉਣ ਦੀ ਫਰਾਕ ਵਿੱਚ ਹਨ ।

## ਖੁੱਲ੍ਹਾ ਵਪਾਰ ਸਮਝੌਤਾ (ਫਰੀ ਟਰੇਡ ਐਗਰੀਮੈਂਟ)

ਕਈ ਦੇਸ਼ ਆਪਸ ਵਿੱਚ ਖੁੱਲ੍ਹਾ ਵਪਾਰ ਸਮਝੌਤਾ ਕਰਕੇ ਵਿਸ਼ਵ ਵਪਾਰ ਦੀਆਂ ਹੱਦਾਂ ਬਦਲ ਰਹੇ ਹਨ । ਭਾਰਤ ਨੇ ਵੀ ਪਿਛਲੇ ਸਮੇਂ ਵਿੱਚ ਕਈ ਦੇਸ਼ਾਂ ਨਾਲ ਖੁੱਲ੍ਹੇ ਵਪਾਰ ਸਮਝੌਤੇ ਕੀਤੇ, ਜਿਵੇਂ ਕਿ ਨਿਊਜ਼ੀਲੈਂਡ, ਆਸਟਰੇਲੀਆ, ਮੌਰੀਸ਼ੀਅਸ । ਜਿੱਥੇ ਗੱਲ ਇਹ ਹੈ ਕਿ ਜੇ ਇੱਕ ਦੇਸ਼ ਯਾਨੀ ਭਾਰਤ ਦਾ ਕੁੱਝ ਵਸਤੂਆਂ ਲਈ ਆਸਟਰੇਲੀਆ ਨਾਲ ਫਰੀ ਟਰੇਡ ਹੈ ਤਾਂ ਹੋਰ ਕਿਸੇ ਦੇਸ਼ ਦਾ ਵੀ ਆਸਟਰੇਲੀਆ ਨਾਲ ਇਹੋ ਜਿਹਾ ਸਮਝੌਤਾ ਹੈ । ਉਸ ਦੇਸ਼ ਦਾ ਭਾਰਤ ਨਾਲ ਸਮਝੌਤਾ ਨਹੀਂ ਅਤੇ ਭਾਰਤ ਵਿੱਚ ਉਸ ਦੀਆਂ ਵਸਤੂਆਂ ਤੇ ਡਿਊਟੀ ਲੱਗਦੀ ਹੈ ਤਾਂ ਉਹ ਆਪਣੀਆਂ ਵਸਤੂਆਂ ਅਸਟਰੇਲੀਆ ਜ਼ਰੀਏ ਭਾਰਤ ਬਿਨਾ ਡਿਊਟੀ ਭੇਜ ਸਕਦਾ ਹੈ । ਭਾਰਤ ਅਤੇ ਯੂਰੋਪ ਦੀ ਦੁੱਵਲੇ ਵਪਾਰ ਦੀ ਗੱਲਬਾਤ 2007 ਵਿੱਚ ਸ਼ੁਰੂ ਹੋਈ ਸੀ ਪਰ ਸਹਿਮਤੀ ਨਾਂ ਬਣਨ ਕਰਕੇ 2022 ਤੱਕ ਸਥਗਿਤ ਰਹੀ । ਇਸ ਨੂੰ ਜੁਲਾਈ 2022 ਵਿੱਚ ਮੁੜ ਸ਼ੁਰੂ ਕੀਤਾ ਗਿਆ ਅਤੇ 2023 ਤੱਕ ਇਸ ਨੂੰ ਪੂਰਾ ਕਰਨ ਦਾ ਟੀਚਾ ਰੱਖਿਆ ਗਿਆ ਸੀ । ਜਦੋਂ ਤੋਂ ਅਮਰੀਕਾ ਨੇ ਰੈਸੀਪਰੋਕਲ ਟੈਕਸ ਦੀ ਗੱਲ ਛੇੜੀ ਹੈ ਭਾਰਤ ਈ ਯੂ ਨਾਲ ਸਮਝੌਤੇ ਦੀ ਕਾਹਲੀ ਵਿੱਚ ਹੈ । ਇਹ ਸਮਝੌਤਾ ਅਜੇ ਤੱਕ ਸਿਰੇ ਨਾ ਚੜ੍ਹ ਸਕਿਆ ਅਸਲ ਵਿੱਚ ਮੁੱਖ ਮੁੱਦਾ ਫਿਰ ਖੇਤੀ ਤੇ ਸਹਾਇਕ ਧੰਦੇ ਹੀ ਹਨ । ਯੋਰਪੀਅਨ ਯੂਨੀਅਨ ਖੇਤੀ ਨੂੰ ਖੁਲਵਾਉਣਾ ਚਾਹੁੰਦਾ ਹੈ । ਖਾਸ ਕਰਕੇ ਡੇਅਰੀ ਖੇਤਰ ਨੂੰ ਉੱਧਰ ਸਾਡੀਆਂ ਵਸਤੂਆਂ ਲਈ ਉਸਨੇ ਮਿਆਰ ਉਚੇ ਕਰ ਦਿੱਤੇ ਹਨ । ਗੱਲ ਇਹ ਹੈ ਕਿ ਜਰਮਨੀ ਦੇ ਅਰਥਵਿਵਸਥਾ ਮੰਤਰੀ ਰੋਬਰਟ ਹਾਬੇੜੇ (Robert Habede) ਨੇ ਕਿਹਾ ਕਿ ਭਾਰਤ ਤੇ ਜਰਮਨੀ ਦੀ ਤੁਲਨਾ ਬਰਾਬਰ ਨਹੀਂ ਕੀਤੀ ਜਾ ਸਕਦੀ ਕਿਉਂਕਿ ਜਰਮਨੀ ਦੀ 2% ਅਬਾਦੀ ਖੇਤੀ ਤੇ ਨਿਰਭਰ ਹੈ ਜਦਕਿ ਭਾਰਤ ਦੀ 60 ਫ਼ੀਸਦੀ । ਭਾਰਤ ਲਈ ਖੇਤੀ ਤੇ ਸਹਾਇਕ ਧੰਦੇ ਦਾ ਖੇਤਰ ਖੋਲ੍ਹਣਾ ਸੌਖਾ ਨਹੀਂ ਹੋਵੇਗਾ । 2023 ਵਿੱਚ ਯੂਰਪੀਅਨ ਯੂਨੀਅਨ ਭਾਰਤ ਦਾ ਤਕਰੀਬਨ ਸਭ ਤੋਂ ਵੱਡਾ ਵਪਾਰਕ ਹਿੱਸੇਦਾਰ ਸੀ ਦੋਨਾਂ ਦੇਸ਼ਾਂ ਦਰਮਿਆਨ 124 ਬਿਲੀਅਨ ਯੂਰੋ ਦਾ ਵਪਾਰ ਹੋਇਆ ਸੀ । ਈ ਯੂਦੀ ਅੱਖ ਆਪਣਾ ਦੁੱਧ ਅਤੇ ਸਮੁੰਦਰੀ ਖਾਣੇ ਦੇ ਕਾਰੋਬਾਰ ਨੂੰ ਵਿਕਸਤ ਕਰਨ ਲਈ ਨਵੀਂ ਮੰਡੀ ਦੇ ਰੂਪ ਵਿੱਚ ਵੇਖਿਆ ਜਾ ਰਿਹਾ ਹੈ । ਇਸ ਨਾਲ ਸਿੱਧਾ ਸਾਡੇ ਡੇਅਰੀ ਅਤੇ ਸੀਅ ਫੂਡ (Sea food) ਦੇ ਵਪਾਰ ਤੇ ਫ਼ਰਕ ਪੈਣਾ ਹੈ । ਦੋਨੋਂ ਹੀ ਸਾਡੀ ਖੇਤੀ ਤੇ ਕਿਸਾਨਾਂ ਨੂੰ ਸਹਾਰਾ ਲਾਉਂਦੇ ਹਨ । ਇਹਨਾਂ ਤੋਂ ਬਿਨਾਂ ਸਾਡੀ 60% ਅਬਾਦੀ ਦਾ ਜਿਉਣਾ ਮੁਹਾਲ ਹੋ ਜਾਵੇਗਾ । ਉੱਧਰ ਐਨੀ ਵੱਡੀ ਆਬਾਦੀ ਨੂੰ ਸਾਂਭਣ ਲਈ ਸਾਡੇ ਉਦਯੋਗ ਵਿੱਚ ਵੀ ਨੌਕਰੀਆਂ ਨਹੀਂ ਹਨ ।

ਕੁੱਲ ਮਿਲਾ ਕੇ ਜਿਸ ਤਰ੍ਹਾਂ ਅਮਰੀਕਾ ਨੇ ਇਕਦਮ ਆਮਦ ਵਾਲੀਆਂ ਵਸਤੂਆਂ ਤੇ ਟੈਕਸ ਵਧਾ ਕੇ ਸਾਰੀ ਦੁਨੀਆ ਨੂੰ ਸ਼ਸ਼ੋਪੰਜ ਵਿੱਚ ਪਾ ਦਿੱਤਾ ਹੈ । ਇਸ ਵਕਤ ਬਹੁਤ ਸੋਚ ਸਮਝ ਕੇ ਬਿਨ੍ਹਾਂ ਕਿਸੇ ਦਬਾਅ ਦੇ ਦੇਸ਼ ਦੇ ਹਿੱਤ ਅੱਗੇ ਰੱਖ ਕੇ ਫ਼ੈਸਲੇ ਲੈਣ ਦੀ ਲੋੜ ਹੈ ਤਾਂ ਕਿ ਦੇਸ਼ ਦੀ ਆਰਥਿਕਤਾ ਨੂੰ ਸੱਟ ਨਾ ਵੱਜੇ । ਖ਼ਾਸ ਕਰਕੇ ਹੁਣ ਜੋ ਹਾਲਾਤ ਸਾਡੇ ਪਾਕਿਸਤਾਨ ਨਾਲ ਬਣੇ ਹਨ ਉਹਨਾਂ ਦੇ ਮੱਦੇ ਨਜ਼ਰ ਦਬਾਸ਼ ਵੱਧ ਸਕਦਾ ਹੈ ।

---------- ਬਾਕੀ ਸਫਾ 12 ਦੀ ----------

# ਅਕਤੂਬਰ ਮਹੀਨੇ ਦੇ ਖੇਤੀ ਰੁਝੇਵੇਂ

। ਇਹਨਾਂ ਫ਼ਸਲਾਂ ਨੂੰ ਤਦ ਹੀ ਪਾਣੀ ਦਿਉ ਅਤੇ ਜਦੋਂ ਜ਼ਰੂਰਤ ਸਮਝੋ, ਨਹੀਂ ਤਾਂ ਪੱਤੇ ਬਹੁਤ ਵੱਧ ਜਾਣਗੇ ਅਤੇ ਮੂਲੀ, ਸ਼ਲਗਮ ਉੱਪਰ ਵਾਲਾ ਦਾ ਵਾਧਾ, ਫੱਟਣਾ, ਧੱਬੇ ਅਤੇ ਵਾਧੂ ਜੜ੍ਹਾਂ ਆਦਿ ਆ ਜਾਣਗੀਆਂ । ਬੂਟਿਆਂ ਨੂੰ ਬਿਜਾਈ ਤੋਂ 15 ਦਿਨਾਂ ਬਾਅਦ ਵਿਰਲਾ ਹੀ ਕਰ ਦਿਓ ਤਾਂ ਜੋ ਜੜ੍ਹਾਂ ਇਕਸਾਰ ਅਤੇ ਨਰੋਈਆਂ ਪੈਦਾ ਹੋ ਸਕਣ । ਵੱਡੇ ਪੱਧਰ ਤੇ ਬਿਜਾਈ ਟਰੈਕਟਰ ਨਾਲ ਚੱਲਣ ਵਾਲੀ ਇੰਨਕਲਾਈਡ ਪਲੇਟ ਪਲਾਂਟਰ ਮਸ਼ੀਨ ਨਾਲ 67.5 ਸੈਂਟੀਮੀਟਰ ਚੌੜੇ ਬੈਡਾਂ ਤੇ ਕੀਤੀ ਜਾ ਸਕਦੀ ਹੈ । ਇਹ ਮਸ਼ੀਨ ਇੱਕ ਬੈਡ ਤੇ ਚਾਰ ਕਤਾਰਾਂ ਜਿਹਨਾਂ ਵਿੱਚ ਫ਼ਾਸਲਾ 10 ਸੈਂਟੀਮੀਟਰ ਤੇ ਬੂਟੇ ਤੋਂ ਬੂਟੇ ਦਾ ਫ਼ਾਸਲਾ 8 ਸੈਂਟੀਮੀਟਰ ਤੇ ਬਿਜਾਈ ਕਰਦੀ ਹੈ । ਮਸ਼ੀਨ ਨਾਲ ਬਿਜਾਈ ਕੀਤੀ ਗਾਜਰ ਨੂੰ ਵਿਰਲਾ ਕਰਨ ਦੀ ਲੋੜ ਨਹੀਂ ਪੈਂਦੀ ।

**ਗੋਭੀ** : ਬੰਦ ਗੋਭੀ 60×45



ਸੈਂ. ਮੀ., ਚੀਨੀ ਗੋਭੀ 30×30 ਸੈਂ. ਮੀ., ਫੁੱਲ ਗੋਭੀ 45×30 ਸੈਮੀ. ਅਤੇ ਬਰੋਕਲੀ 45×45 ਦੀ ਵਿੱਥ ਤੇ 4 ਤੋਂ 6 ਹਫ਼ਤੇ ਪੁਰਾਣੀ ਪੁੱਕ ਕੇ ਲਗਾਉਣੀ ਸ਼ੁਰੂ ਕਰ ਦਿਉ । ਹਫ਼ਤੇ-ਹਫ਼ਤੇ ਬਾਅਦ ਪਾਣੀ ਦਿੰਦੇ ਰਹੋ । ਜਿੱਥੇ ਬੂਟੇ ਮਰ ਗਏ ਹਨ, ਦੁਬਾਰਾ ਲਗਾ ਕੇ ਪਾਣੀ ਦੇ ਦਿਉ ਤਾਂ ਚੰਗੀ ਫ਼ਸਲ ਮਿਲੇ । 40 ਟਨ ਗਲੀ ਸੜੀ ਰੂੜੀ, 50 ਕਿਲੋ ਨਾਈਟ੍ਰੋਜਨ (110 ਕਿਲੋ ਯੂਰੀਆ), 25 ਕਿਲੋ ਫ਼ਾਸਫੋਰਸ (155 ਕਿਲੋ ਸੁਪਰਫ਼ਾਸਫੇਟ) ਅਤੇ 25 ਕਿਲੋ ਪੋਟਾਸ਼ (40 ਕਿਲੋ ਮਿਊਰੇਟ ਆਫ਼ ਪੋਟਾਸ਼) ਪ੍ਰਤੀ ਏਕੜ ਦੇ ਹਿਸਾਬ ਪਾਉ । ਸਾਰੀ ਰੂੜ੍ਹੀ, ਫ਼ਾਸਫੋਰਸ ਤੇ ਪੋਟਾਸ਼ ਅਤੇ ਅੱਧੀ ਨਾਈਟ੍ਰੋਜਨ ਵਾਲੀ ਖਾਦ ਪਨੀਰੀ ਲਾਉਣ ਤੋਂ ਪਹਿਲਾਂ ਖੇਤ ਵਿੱਚ ਪਾ ਦਿਉ ।

**ਆਲੂ** : ਪਤਝੜ ਦੀ ਫ਼ਸਲ ਲਈ ਆਲੂ ਦੀਆਂ ਪੰਜਾਬ ਪੋਟੈਟੋ-104, ਪੰਜਾਬ ਪੋਟੈਟੋ-103, ਪੰਜਾਬ ਪੋਟੈਟੋ-102 ਅਤੇ ਪੰਜਾਬ ਪੋਟੈਟੋ-101 ਕਿਸਮਾਂ, ਖਾਸਤੌਰ ਤੇ ਜੇ ਬੀਜ ਤਿਆਰ ਕਰਨਾ ਹੋਵੇ ਤਾਂ ਬਿਜਾਈ



ਅਕਤੂਬਰ ਦੇ ਪਹਿਲੇ ਪੰਦਰਵਾੜੇ ਵਿੱਚ ਕਰ ਦਿਉ । ਆਲੂ ਦੀ ਫ਼ਸਲ ਬੀਜਣ ਸਮੇਂ 20 ਟਨ ਦੇਸੀ ਗਲੀ ਸੜੀ ਰੂੜੀ, 80 ਕਿਲੋ ਯੂਰੀਆ, 155 ਕਿਲੋ ਸਿੰਗਲ ਸੁਪਰਫਾਸਫੇਟ, 40 ਕਿਲੋ ਮਿਊਰੇਟ ਆਫ਼ ਪੋਟਾਸ਼ ਖਾਦ ਪ੍ਰਤੀ ਏਕੜ ਦੇ ਹਿਸਾਬ ਖੇਤ ਵਿੱਚ ਪਾਉ । ਦੇਸੀ ਖਾਦ ਬਿਜਾਈ ਦੇ ਦਸ ਦਿਨ ਪਹਿਲਾਂ ਪਾਉ । ਜਦੋਂ ਕਿ ਦੂਸਰੀਆਂ ਖਾਦਾਂ ਬਿਜਾਈ ਸਮੇਂ ਪਾਉ ਅਤੇ ਇਨ੍ਹਾਂ ਨੂੰ ਜ਼ਮੀਨ ਵਿੱਚ ਮਿਲਾ ਦਿਉ । ਬਿਜਾਈ ਤੋਂ ਤੁਰੰਤ ਬਾਅਦ ਖੇਤ ਵਿੱਚ 25 ਕੁਇੰਟਲ ਝੋਨੇ ਦੀ ਪਰਾਲੀ ਪ੍ਰਤੀ ਏਕੜ ਦੇ ਹਿਸਾਬ ਵਿਛਾਉਣ ਨਾਲ ਨਦੀਨਾਂ ਦੀ ਚੰਗੀ ਰੋਕਥਾਮ ਕੀਤੀ ਜਾ ਸਕਦੀ ਹੈ । ਇਸ ਤੋਂ ਇਲਾਵਾ ਨਦੀਨਾਂ ਦੀ ਰੋਕਥਾਮ ਲਈ ਗਰਾਮੈਕਸੋਨ 500-700 ਮਿਲੀਲਿਟਰ ਦਾ ਛਿੜਕਾਅ ਤਦ ਕਰੋ ਜਦੋਂ ਫ਼ਸਲ 5-10 ਪ੍ਰਤੀਸ਼ਤ ਤੱਕ ਉੱਗ ਆਈ ਹੋਵੇ, ਪਰ ਨਦੀਨ ਪੂਰੀ ਤਰ੍ਹਾਂ ਉੱਗ ਆਏ ਹੋਣ । ਝੁਲਸ ਰੋਗ ਦੀ ਰੋਕਥਾਮ ਲਈ ਨਿਰੋਗ ਅਤੇ ਨਰੋਇਆ ਬੀਜ ਵਰਤੋਂ । ਬਿਮਾਰ ਅਤੇ ਰੋਗੀ ਆਲੂਆਂ ਨੂੰ ਗੋਦਾਮਾਂ ਵਿੱਚੋਂ ਕੱਢਣ ਤੇ ਛਾਂਟੀ ਕਰਨ ਪਿੱਛੋਂ ਢੇਰਾਂ ਵਿੱਚ ਨਾ ਛੱਡੋ, ਸਗੋਂ ਟੋਏ ਕੱਢ ਕੇ ਦੱਬ ਦਿਉ । ਬੀਜ ਦੀ ਬੀਮਾਰੀ (ਝੁਲਸ ਰੋਗ) ਤੋਂ ਮੁਕਤ ਰੱਖਣ ਲਈ ਉੱਚੀਆਂ ਵੱਟਾ ਬਣਾਉ ਅਤੇ ਬੀਜ ਨੂੰ 10 ਮਿੰਟ ਲਈ 0.080% ਸਿਸਟੀਵਾ ਜਾਂ 0.083% ਇਮਿਸਟੋ ਪ੍ਰਾਇਮ ਜਾਂ 0.25% ਮੋਨਸਰਨ ਦੇ ਘੋਲ ਵਿੱਚ ਸੋਧ ਲਉ । ਸਕੈਬ ਨਾਲ ਪ੍ਰਭਾਵਿਤ ਖੇਤਾਂ ਵਿੱਚ ਆਲੂਆਂ ਦੀ ਬਿਜਾਈ ਨਾ ਕਰੋ । ਇਸ ਬਿਮਾਰੀ ਘਟਾਉਣ ਲਈ ਆਲੂ ਬਣਨ ਸਮੇਂ ਮਿੱਟੀ ਨੂੰ ਸਿੱਲ੍ਹੀ ਰੱਖੋ । ਜੇਕਰ ਅਕਤੂਬਰ ਦੇ ਤੀਸਰੇ-ਚੌਥੇ ਹਫ਼ਤੇ ਭਾਰੀ ਬਾਰਸ਼ ਹੋਈ ਹੈ ਤਾਂ ਫ਼ਸਲ ਨੂੰ ਪਿਛੇਤੇ ਝੁਲਸ ਰੋਗ ਤੋਂ ਬਚਾਉਣ ਲਈ ਇੰਡੋਫਿਲ ਐਮ-45/ਮਾਸ ਐਮ-45/ਕਵਚ/ਮਾਰਕਜ਼ੈਬ/ਐਂਟਰਾਕੋਲ ਦਾ 500-700 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਫ਼ਸਲ ਤੇ ਛਿੜਕਾਅ ਕਰੋ ।

**ਟਮਾਟਰ** : 100 ਗ੍ਰਾਮ ਬੀਜ ਇੱਕ ਏਕੜ ਦੀ ਪਨੀਰੀ ਤਿਆਰ ਕਰਨ ਲਈ 100 ਗ੍ਰਾਮ ਬੀਜ ਦੋ ਮਰਲੇ (50 ਸੁਕੇਅਰ ਮੀਟਰ) ਵਿੱਚ ਬੀਜੋ । ਨਜ਼ਦੀਕ ਮੰਡੀਆਂ ਲਈ ਪੰਜਾਬ ਰੱਤਾ ਅਤੇ ਘਰ ਬਗੀਚਿਆਂ ਲਈ ਪੰਜਾਬ ਰੈਡ ਚੈਰੀ, ਪੰਜਾਬ ਸੋਨਾ ਚੈਰੀ ਅਤੇ ਪੰਜਾਬ ਕੇਸਰ ਚੈਰੀ ਕਿਸਮਾਂ ਬੀਜੋ । ਕੁਝ ਦੂਰ ਵਾਲੀਆਂ ਮੰਡੀਆਂ ਲਈ ਅਤੇ ਟਮਾਟਰਾਂ ਤੋਂ ਤਿਆਰ ਹੋਣ ਵਾਲੇ ਪਦਾਰਥਾਂ ਲਈ ਪੰਜਾਬ ਛੁਹਾਰਾ ਜਾਂ ਪੀ ਟੀ ਐਚ-2 ਕਿਸਮਾਂ ਬੀਜੋ । ਜਿੰਨ੍ਹਾਂ ਖੇਤਾਂ ਵਿੱਚ ਨੀਮਾਟੋਡ ਹੋਣ, ਉਨਾਂ ਵਿੱਚ ਪੰਜਾਬ ਐਨ ਆਰ 7 ਕਿਸਮ ਬੀਜੋ । ਨੀਮਾਟੋਡ ਰੋਗਿਤ ਪੋਲੀ/ਨੈੱਟ ਹਾਊਸ ਵਿੱਚ ਟਮਾਟਰ ਦੀ ਫ਼ਸਲ ਲਗਾਉਣ ਸਮੇਂ ਵੇਲਮ ਪ੍ਰਾਈਮ 500 ਮਿ: ਲਿ: ਪ੍ਰਤੀ ਏਕੜ ਦੇ ਹਿਸਾਬ ਨਾਲ ਪਾਣੀ ਵਿੱਚ ਘੋਲ ਕੇ ਜ਼ਮੀਨ ਵਿੱਚ ਪਾਉ । (ਪਹਿਲਾਂ 1 ਮਿ: ਲਿ: ਵੇਲਮ ਪ੍ਰਾਈਮ ਨੂੰ 10 ਲਿ: ਪਾਣੀ ਵਿੱਚ ਘੋਲੋ ਅਤੇ ਫਿਰ ਘੋਲ ਨਾਲ 1 ਲਿਟਰ ਪ੍ਰਤੀ ਵਰਗ ਮੀਟਰ ਦੇ ਹਿਸਾਬ ਜ਼ਮੀਨ ਨੂੰ ਗੜੁੱਚ ਕਰੋ)। ਨਰਸਰੀ ਲਗਾਉਣ ਤੋਂ ਪਹਿਲਾਂ ਬੀਜ ਨੂੰ ਕਪਟਾਨ 3 ਗ੍ਰਾਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧੋ ।

**ਗੰਢੇ** : ਇੱਕ ਏਕੜ ਗੰਢਿਆਂ ਦੀ ਪਨੀਰੀ ਤਿਆਰ ਕਰਨ ਲਈ 15 ਤੋਂ 20 ਸੈਂਟੀਮੀਟਰ ਉੱਚੇ ਬੈੱਡ ਰੱਖ ਕੇ 4-5 ਕਿਲੋ ਬੀਜ ਦੀ ਬਿਜਾਈ ਲਈ 8 ਮਰਲੇ ਵਿੱਚ ਬੀਜ ਦਿਓ । ਲਾਲ ਰੰਗ ਦੇ ਪਿਆਜ਼ ਤਿਆਰ ਕਰਨ ਵਾਸਤੇ ਪੀ.ਉ.ਐਚ.-1, ਪੀ ਆਰ ਓ-7/ਪੀ ਆਰ ਓ-6/ਪੰਜਾਬ ਨਰੋਆ, ਪੀਲੇ ਪਿਆਜ਼ ਵਾਸਤੇ ਵੀ ਵਾਈ ਓ-1 ਅਤੇ ਚਿੱਟੇ ਪਿਆਜ਼ ਵਾਸਤੇ ਪੀ ਡਬਲਓ ਓ-2 ਕਿਸਮਾਂ ਬੀਜੋ । ਪਨੀਰੀ ਅਤੇ ਖੇਤ ਦੀ ਅਨੁਪਾਤ 1:20 ਰੱਖੋ । ਸਾਉਣੀ ਦੀ ਫ਼ਸਲ ਨੂੰ ਹਫ਼ਤੇ ਪਿੱਛੋਂ ਪਾਣੀ ਦਿੰਦੇ ਰਹੋ । ਜੇਕਰ ਬੀਜ ਬਨਾਉਣਾ ਹੈ ਤਾਂ ਗੰਢੇ ਬੀਜ ਦਿਉ ।

**ਪੱਤੇਦਾਰ ਸਬਜ਼ੀਆਂ** : ਪਾਲਕ ਦੀ ਪੰਜਾਬ ਗਰੀਨ ਕਿਸਮ ਦਾ 5 ਕਿਲੋ ਬੀਜ ਪ੍ਰਤੀ ਏਕੜ 20 ਸੈ.ਮੀ. ਦਾ ਫਾਸਲੇ ਤੇ ਕਤਾਰਾਂ ਵਿੱਚ ਬੀਜੋ । 10 ਟਨ ਗਲੀ ਸੜੀ ਰੂੜੀ, 35 ਕਿਲੋ ਯੂਰੀਆ ਅਤੇ 75 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਤੋਂ ਪਹਿਲਾਂ ਪਾਉ । ਸਲਾਦ ਦਾ 400 ਗ੍ਰਾਮ ਬੀਜ ਪ੍ਰਤੀ ਏਕੜ ਵਾਸਤੇ ਨਰਸਰੀ ਵਿੱਚ ਬੀਜੋ । ਬੀਜ ਜਾਂ ਪਨੀਰੀ ਲਾਉਣ ਤੋਂ ਪਹਿਲਾਂ 55 ਕਿਲੋ ਯੂਰੀਆ ਅਤੇ 75 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਉ । ਕਤਾਰਾਂ ਅਤੇ ਬੂਟਿਆਂ ਦਾ ਫ਼ਾਸਲਾ 45 ਅਤੇ 30 ਸੈ.ਮੀ. ਰੱਖੋ ।

ਮੇਥੀ ਦੀ ਕਿਸਮ ਪੰਜਾਬ ਸੁਪਰੀਮ 10 ਕਿਲੋ ਪ੍ਰਤੀ ਏਕੜ ਬੀਜ ਦੇ ਹਿਸਾਬ ਨਾਲ 20 ਸੈਂਟੀਮੀਟਰ ਚੌੜੀਆਂ ਕਤਾਰਾਂ ਵਿੱਚ ਬੀਜੋ । ਇਸ ਫ਼ਸਲ ਨੂੰ 65 ਕਿਲੋ ਯੂਰੀਆ ਪ੍ਰਤੀ ਏਕੜ 3 ਹਿੱਸਿਆਂ ਵਿੱਚ ਪਾਉ । ਅੱਧੀ ਖੁਰਾਕ ਬਿਜਾਈ ਵੇਲੇ ਅਤੇ ਬਾਕੀ ਖੁਰਾਕ ਦੋ ਹਿੱਸਿਆਂ ਵਿੱਚ ਪਹਿਲੀ ਅਤੇ ਦੂਜੀ ਤੁੜਾਈ ਤੇ ਪਾਉ ।

**ਮਟਰ** : ਅਕਤੂਬਰ ਦੇ ਪਹਿਲੇ ਪੰਦਰਵਾੜੇ ਵਿੱਚ ਅਗੇਤੀਆਂ ਕਿਸਮਾਂ ਮਟਰ ਅਗੇਤਾ-7 ਅਤੇ ਏ ਪੀ-3 ਦੀ ਬਿਜਾਈ ਸ਼ੁਰੂ ਕਰ ਦਿਉ । ਮਟਰਾਂ ਦੀਆਂ ਅਗੇਤੀਆਂ ਕਿਸਮਾਂ ਲਈ 45 ਕਿਲੋ ਅਤੇ ਮੁੱਖ ਸਮੇਂ ਦੀਆਂ ਕਿਸਮਾਂ ਵਾਸਤੇ 30 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ । ਕਿਸਮਾਂ ਪੰਜਾਬ-89 ਅਤੇ ਮਿੱਠੀ ਫ਼ਲੀ ਦੀ ਬਿਜਾਈ 30×10 ਸੈ.ਮੀ. ਦੇ ਫਾਸਲੇ ਤੇ ਕਰੋ । 45 ਕਿਲੋ ਯੂਰੀਆ, 155 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਓ । ਮਟਰਾਂ ਦੇ ਉਖੇੜਾ ਰੋਗ ਨੂੰ ਰੋਕਣ ਲਈ ਬੀਜ ਨੂੰ ਬੀਜਣ ਤੋਂ ਪਹਿਲਾਂ ਸੂਡੋਮੋਨਾਸ ਫਲੋਰੇਸੈਂਸ ਫਾਰਮੂਲੇਸ਼ਨ 15 ਗ੍ਰਾਮ ਪ੍ਰਤੀ ਕਿਲੋ ਬੀਜ ਨਾਲ ਸੋਧੋ । ਤਣੇ ਦੀ ਮੱਖੀ ਦੀ ਰੋਕਥਾਮ ਲਈ 10 ਕਿਲੋ ਫੁਰਾਡਾਨ 3 ਜੀ (ਕਾਰਬੋਫੂਰਾਨ) ਪ੍ਰਤੀ ਏਕੜ ਬਿਜਾਈ ਸਮੇਂ ਸਿਆੜਾ ਵਿੱਚ ਪਾਓ । ਦਾਣੇਦਾਰ ਜ਼ਹਿਰਾਂ ਦੀ ਵਰਤੋਂ ਦਸਤਾਨੇ ਪਹਿਨ ਕੇ ਕਰੋ ।

**ਬਾਗਬਾਨੀ** :

1. ਨਵੇਂ ਲਗਾਏ ਜਾਂ ਛੋਟੇ ਬੂਟੇ ਵਾਲੇ ਬਾਗਾਂ ਵਿੱਚ ਅੰਤਰ-ਫ਼ਸਲਾਂ ਦੀ ਬਿਜਾਈ ਲਈ ਇਹ ਢੁੱਕਵਾਂ ਸਮਾਂ ਹੈ । ਇਨ੍ਹਾਂ ਵਿੱਚ ਹਾੜ੍ਹੀ ਦੀਆਂ ਫ਼ਸਲਾਂ ਜਿਵੇਂ ਕਣਕ, ਸੇਂਜੀ, ਮਟਰ ਅਤੇ ਛੋਲੇ ਆਦਿ ਦੀ ਬਿਜਾਈ ਦੀ ਤਿਆਰੀ ਅਤੇ ਬਿਜਾਈ ਕੀਤੀ ਜਾ ਸਕਦੀ ਹੈ । ਅੰਤਰ ਫ਼ਸਲ ਅਤੇ ਫ਼ਲਦਾਰ ਬੂਟਿਆਂ ਲਈ ਸਿੰਚਾਈ ਦਾ ਵੱਖਰਾ ਪ੍ਰਬੰਧ ਕਰੋ ।

2. ਨਵੇਂ ਲਗਾਏ ਫ਼ਲਦਾਰ ਬੂਟਿਆਂ ਦੇ ਠੀਕ ਵਾਧੇ ਅਤੇ ਇਹਨਾਂ ਦਾ ਢਾਂਚਾ ਅਤੇ ਅਕਾਰ ਸਹੀ ਬਣਾਉਣ ਲਈ ਇਹਨਾਂ ਬੂਟਿਆਂ ਨੂੰ ਬਾਂਸ ਦੇ ਡੰਡਿਆਂ ਨਾਲ ਸਹਾਰਾ ਦਿੱਤਾ ਜਾ ਸਕਦਾ ਹੈ । ਇਨ੍ਹਾਂ ਬੂਟਿਆਂ ਨੂੰ ਲਗਾਤਾਰ ਹਲਕੇ ਪਾਣੀ ਦਿੰਦੇ ਰਹੋ । ਜਿੰਨੀਆਂ ਵੀ ਸ਼ਾਖਾਂਵਾਂ ਪਿਉਂਦੀ ਸ਼ਾਖਾ ਦੇ ਹੇਠੋਂ ਨਿਕਲੀਆਂ ਹੋਣ ਉਹਨਾਂ ਨੂੰ ਲਗਾਤਾਰ ਕੱਟਦੇ ਰਹੋ ।

3. ਇਸ ਸਮੇਂ ਜਿਨਾਂ ਫ਼ਲਦਾਰ ਬੂਟਿਆਂ ਉਪਰ ਫ਼ਲ ਨਹੀਂ ਹੈ ਉਹਨਾਂ ਬਾਗਾਂ ਵਿੱਚ ਬਰੂ, ਕਾਹੀ, ਭੰਗ ਅਤੇ ਮੋਥਾ ਆਦਿ ਖ਼ਤਮ ਕਰਨ ਲਈ ਹਲਕੀ ਵਾਹੀ ਕਰ ਦਿਉ ਅਤੇ ਦੋਹਾਂ ਨੂੰ ਖੁਰਪੇ ਜਾਂ ਕਹੀ ਨਾਲ ਸਾਫ਼ ਕਰ ਦਿਉ ।

4. ਬੇਰਾਂ ਦੇ ਬਾਗਾਂ ਵਿੱਚ ਨਦੀਨਾਂ ਦੀ ਰੋਕਥਾਮ ਲਈ ਬੂਟਿਆਂ ਦੀ ਛੱਤਰੀ ਹੇਠ 5.0 ਟਨ ਝੋਨੇ ਦੀ ਪਰਾਲੀ ਪ੍ਰਤੀ ਏਕੜ (10 ਸੈਂਟੀਮੀਟਰ ਮੋਟੀ ਤਹਿ) ਦੇ ਹਿਸਾਬ ਨਾਲ ਅਕਤੂਬਰ ਦੇ ਦੂਜੇ ਪੰਦਰਵਾੜੇ ਵਿੱਚ ਵਿਛਾਓ ।

5. ਬੇਰਾਂ ਦੇ ਫਲ ਝੜਨ ਤੋਂ ਰੋਕਣ ਲਈ 15 ਗ੍ਰਾਮ ਐਨ.ਏ.ਏ. (ਨੈਪਥਲੀਨ ਐਸਟਿਕ ਐਸਿਡ) ਨੂੰ 500 ਲਿਟਰ ਪਾਣੀ ਵਿੱਚ ਮਿਲਾ ਕੇ ਅੱਧ ਅਕਤੂਬਰ ਅਤੇ ਫਿਰ ਅੱਧ ਨਵੰਬਰ ਵਿੱਚ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਇਸ ਦਵਾਈ ਨੂੰ ਪਹਿਲਾਂ ਥੋੜੀ ਜਿਹੀ ਅਲਕੋਹਲ ਵਿੱਚ ਘੋਲ ਲਵੋ ।

6. ਲੁਕਾਠ ਦੇ ਬੂਟਿਆਂ ਨੂੰ ਨਾਈਟ੍ਰੋਜਨ ਵਾਲੀ ਖਾਦ ਦੀ ਪਹਿਲੀ ਖੁਰਾਕ 500 ਗ੍ਰਾਮ ਯੂਰੀਆ ਪ੍ਰਤੀ ਬੂਟਾ ਦੇ ਹਿਸਾਬ ਨਾਲ ਪਾਉ ।

7. ਨਿੰਬੂ ਜਾਤੀ ਦੇ ਸੁਰੰਗੀ ਕੀੜੇ ਦੀ ਰੋਕਥਾਮ ਲਈ 200 ਮਿ.ਲਿ. ਕਰੋਕੋਡਾਈਲ/ਕਨਫੀਡੋਰ 17.8 ਐਸ ਐਲ ਪ੍ਰਤੀ ਏਕੜ 500 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕੋ ।

8. ਨਿੰਬੂ ਜਾਤੀ ਦੇ ਖਰੀਂਢ ਰੋਗ ਨੂੰ ਖ਼ਤਮ ਕਰਨ ਲਈ 50 ਗ੍ਰਾਮ ਸਟਰੈਪਟੋਸਾਈਕਲੀਨ+25 ਗ੍ਰਾਮ ਕਾਪਰ ਸਲਫੇਟ 500 ਲੀਟਰ ਪਾਣੀ ਵਿੱਚ ਪਾ ਕੇ ਛਿੜਕਾਅ ਕਰੋ । ਬੋਰਡੋ ਮਿਸ਼ਰਣ (2:2:250) ਜਾਂ ਕਾਪਰ ਆਕਸੀਕਲੋਰਾਈਡ (0.3%) ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ ।

9. ਬੇਰਾਂ ਦੇ ਪੱਤਿਆਂ ਦੇ ਕਾਲੇ ਨਿਸ਼ਾਨਾਂ ਦੀ ਬਿਮਾਰੀ ਨੂੰ ਕਾਬੂ ਕਰਨ ਲਈ ਬੂਟਿਆਂ ਉੱਪਰ ਬੋਰਡੋ ਮਿਸ਼ਰਣ 2:2:250 ਦਾ ਛਿੜਕਾਅ ਕਰੋ ।

10. ਅੰਬਾਂ ਵਿੱਚ ਮਾਲਫਾਰਮੇਸ਼ਨ ਦੀ ਸਮੱਸਿਆ ਘਟਾਉਣ ਲਈ ਬੂਟਿਆਂ ਉੱਤੇ ਐਨ. ਏ. ਏ. 200 ਪੀ.ਪੀ.ਐਮ. ਦੇ ਘੋਲ ਦਾ ਛਿੜਕਾਅ ਕਰੋ (100 ਗ੍ਰਾਮ ਐਨ. ਏ. ਏ. ਨੂੰ ਪਹਿਲਾਂ 100-150 ਮਿ. ਲਿ. ਅਲਕੋਹਲ ਵਿੱਚ ਘੋਲ ਕੇ ਫਿਰ 500 ਲਿਟਰ ਪਾਣੀ ਵਿੱਚ ਘੋਲ ਬਣਾਓ)।

11. ਸਟਰਾਬੈਰੀ ਦੀ ਪਨੀਰੀ ਇਸ ਮਹੀਨੇ ਖੇਤ ਵਿੱਚ ਲਗਾਈ ਜਾ ਸਕਦੀ ਹੈ ।

12. ਅਗੇਤੇ ਪੱਕਣ ਵਾਲੇ ਮਾਲਟੇ ਜਿਵੇਂ ਕਿ ਮੁਸੰਮੀ, ਅਰਲੀ ਗੋਲਡ ਦੇ ਫ਼ਲਾਂ ਦੀ ਤੁੜਾਈ ਇਸ ਮਹੀਨੇ ਸ਼ੁਰੂ ਕੀਤੀ ਜਾ ਸਕਦੀ ਹੈ ।

**ਸਜਾਵਟੀ ਬੂਟੇ**

**ਮੌਸਮੀ ਫੁੱਲ** : ਸਰਦੀ ਦੇ ਮੌਸਮ ਫੁੱਲਾਂ ਦੀ ਪੌਦ (ਗੁਲਸਰਫ਼ੀ, ਬਰਫ਼, ਬਜਰੀ, ਡੋਗ ਫ਼ਲਾਵਰ ਆਦਿ) ਜਦੋਂ 3 ਤੋਂ 4 ਜੋੜੇ ਵਿੱਚ ਪੱਤੇ ਕੱਢ ਲੈਣ ਤਾਂ ਗਮਲਿਆਂ ਜਾਂ ਕਿਆਰੀਆਂ ਵਿੱਚ ਲਾਉਣੇ ਸ਼ੁਰੂ ਕਰ ਦਿਓ । ਫੁੱਲਾਂ ਦੀ ਪਨੀਰੀ ਦੀ ਚੋਣ ਜਗ੍ਹਾ ਦੀ ਧੁੱਪ-ਛਾਂ ਦਾ ਮੁਲਾਂਕਣ ਕਰਕੇ ਹੀ ਕਰੋ ।

**ਗੁਲਦਾਉਦੀ** : ਕਮਜ਼ੋਰ ਅਤੇ ਭਾਰੇ



ਬੂਟਿਆਂ ਨੂੰ ਕਾਨਿਆਂ/ਬਾਂਸ ਨੂੰ ਨਾਈਲੋਨ ਦੇ ਧਾਗੇ ਨਾਲ ਬੰਨ੍ਹ ਕੇ ਸਹਾਰਾ ਦਿਉ । ਵੱਡੇ ਫੁੱਲਾਂ ਵਾਲੀਆਂ ਕਿਸਮਾਂ (ਸਟੈਂਡਰਡ ਗੁਲਦਾਉਦੀ) ਵਿੱਚ ਪਾਸੇ ਵਾਲੀਆਂ ਟਾਹਣੀਆਂ ਨੂੰ ਤੋੜ ਦਿਉ ।

**ਗੁਲਾਬ** :

1. ਇਸ ਮਹੀਨੇ ਦੇ ਦੂਜੇ ਪੰਦਰਵਾੜੇ ਵਿੱਚ ਗੁਲਾਬ ਦੀ ਕਾਂਟ-ਛਾਂਟ ਕੀਤੀ ਜਾਂਦੀ ਹੈ । ਕਾਂਟ-ਛਾਂਟ ਦੌਰਾਨ ਸੁੱਕੀਆਂ ਹੋਈਆਂ, ਬਿਮਾਰ ਟਾਹਣੀਆਂ ਕੱਟੀਆਂ ਜਾ ਸਕਣ । ਟਾਹਣੀਆਂ ਨੂੰ ਉੱਪਰ ਤੋਂ ਤਿਰਛਾ ਕੱਟੋ ਅਤੇ ਤੁਰੰਤ ਬਾਅਦ ਕੱਟੇ ਹੋਏ ਸਿਰਿਆਂ ਉੱਪਰ ਬਲਾਈਟੋਕਸ ਉੱਲੀਨਾਸ਼ਕ ਨੂੰ ਅਲਸੀ ਦੇ ਤੇਲ ਵਿੱਚ ਪੇਸਟ ਬਣਾ ਕੇ ਕੱਟੀ ਹੋਈ ਟਾਹਣੀ ਦੇ ਸਿਰੇ ਉੱਪਰ ਲਾਉਣਾ ਚਾਹੀਦਾ ਹੈ ।

2. ਗੁਲਾਬ ਦੀਆਂ ਝਾੜੀਆਂ ਦੁਆਲੇ ਜੜ੍ਹਾਂ ਦੇ ਘੇਰੇ 4-6 ਇੰਚ ਡੂੰਘਾ ਪੁੱਟ ਕੇ ਦੇਸੀ ਰੂੜੀ ਦੀ ਖਾਦ ਪਾਉ ਅਤੇ ਤੁਰੰਤ ਪਾਣੀ ਦਿਉ ।

3. ਇਸ ਮਹੀਨੇ ਗੁਲਾਬ ਦੇ ਪਿਉਂਦੀ ਬੂਟੇ ਵੀ ਲਗਾਏ ਜਾ ਸਕਦੇ ਹਨ ।

**ਗੰਢਿਆਂ ਵਾਲੇ ਬੂਟੇ** : ਗਲੈਡੀਉਲਸ ਦੇ ਕੌਰਮ ਨੂੰ ਕੋਲਡ ਸਟੋਰ ਵਿੱਚੋਂ ਕੱਢ ਦੇ ਇੱਕ ਦਿਨ ਲਈ ਛਾਵੇਂ ਰੱਖਣ ਤੋਂ ਬਾਅਦ ਬਿਜਾਈ ਆਰੰਭ ਕੀਤੀ ਜਾ ਸਕਦੀ ਹੈ । ਇਸ ਮਹੀਨੇ ਡਾਹਲੀਆਂ ਦੀਆਂ ਨਰਮ ਟੂਸੇ ਦੀਆਂ ਕਲਮਾਂ ਬਣਾ ਕੇ ਰੇਤੇ ਦੇ ਬੈਡਾਂ ਉਪਰ ਪੌਦ ਤਿਆਰ ਕਰਨ ਲਈ ਲਗਾਇਆ ਜਾਂਦਾ ਹੈ । ਧਿਆਨ ਰੱਖਿਆ ਜਾਵੇ ਕਿ ਇਹ ਬੈੱਡ ਵਿਰਲੀ ਛਾਂ ਹੇਠ ਖੁੱਲ੍ਹੀ ਹਵਾਦਾਰ ਉੱਚੀ ਜਗ੍ਹਾ ਉੱਪਰ ਬਣਾਏ ਜਾਣ ਤਾਂ ਜੋ ਪਾਣੀ ਦਾ ਨਿਕਾਸ ਹੋ ਸਕੇ । ਗਰਮੀਆਂ ਵਾਲੇ ਪੌਦੇ ਜਿਵੇਂ ਕਲੇਡੀਅਮ, ਰਜਨੀਗੰਧਾ ਅਤੇ ਫੁੱਟਬਾਲ ਲਿੱਲੀ ਨੂੰ ਪਾਣੀ ਦੇਣਾ ਬੰਦ ਕਰ ਦਿਉ । ਜਦੋਂ ਬੂਟਿਆਂ ਦੇ ਪੱਤੇ ਪੀਲੇ ਹੋ ਜਾਣ, ਤਾਂ ਗੰਢੇ ਪੁੱਟ ਲਉ ਅਤੇ ਜ਼ਰੂਰਤ ਅਨੁਸਾਰ ਸਾਂਭ ਲਓ ।

ਚੱਲਦਾ

# ਹੜ੍ਹ, ਹਾੜ੍ਹੀ, ਡੀ.ਏ.ਪੀ. ਤੇ ਯੂਰੀਆ

ਕਣਕ ਪੰਜਾਬ ਦੀ ਮੁੱਖ ਫ਼ਸਲ ਹੈ ਜੋ 88 ਲੱਖ ਏਕੜ ਰਕਬੇ 'ਤੇ ਬੀਜੀ ਜਾਂਦੀ ਹੈ। ਇਸ ਨੂੰ ਹਰ ਛੋਟਾ-ਵੱਡਾ ਕਿਸਾਨ ਬੀਜਦਾ ਹੈ। ਭਾਵੇਂ ਇਹ ਝੋਨੇ ਆਦਿ ਨਾਲੋਂ ਮੁਨਾਫ਼ਾ ਘੱਟ ਦਿੰਦੀ ਹੈ। ਇਸ ਦੀ ਖਾਦਾਂ ਦੀ ਲੋੜ ਮੁਕਾਬਲਤਨ ਜ਼ਿਆਦਾ ਹੈ। ਭਾਵੇਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ (ਪੀ. ਏ. ਯੂ.)



ਭਗਵਾਨ ਦਾਸ

ਵਲੋਂ ਸਿਫ਼ਾਰਸ਼ ਕੀਤੀਆਂ ਨਾਈਟਰੋਜ਼ਨ, ਫ਼ਾਸਫੋਰਸ ਅਤੇ ਮਿਊਰੇਟ ਆਫ਼ ਪੋਟਾਸ਼ ਆਦਿ ਖਾਦ ਕਿਸਾਨ ਵੱਧ ਪਾਈ ਜਾਂਦੇ ਹਨ, ਇਸ ਉਮੀਦ ਵਿੱਚ ਕਿ ਅਜਿਹਾ ਕਰਨ ਨਾਲ ਉਤਪਾਦਕਤਾ ਵਧੇਗੀ। ਪਰ ਕਈ ਵਾਰ ਅਜਿਹਾ ਕਰਨ ਨਾਲ ਹੋਰ ਸਮੱਸਿਆਵਾਂ ਪੈਦਾ ਹੁੰਦੀਆਂ ਹਨ, ਜਿਵੇਂ ਬਿਮਾਰੀਆਂ ਅਤੇ ਕੀੜੇ-ਮਕੌੜਿਆਂ ਦਾ ਵਧਣਾ, ਜਿਸ ਨਾਲ ਕਿਸਾਨ ਮਹਿੰਗੇ ਭਾਅ ਦੀਆਂ ਦਵਾਈਆਂ ਦੇ ਸਪਰੇਅ ਕਰਨ ਲਈ ਮਜ਼ਬੂਰ ਹੁੰਦੇ ਹਨ। ਸਾਉਣੀ ਦੀ ਫ਼ਸਲ ਅਜੇ ਪੱਕਣ ਨੂੰ ਖੜ੍ਹੀ ਹੈ। ਕਣਕ ਦੀ ਅਗੇਤੀ ਕਿਸਮਾਂ ਦੀ ਬਿਜਾਈ ਸ਼ੁਰੂ ਹੋਣ ਲਈ 5 ਹਫ਼ਤੇ ਦਾ ਸਮਾਂ ਪਿਆ ਹੈ। ਸਾਉਣੀ ਦੀ ਫ਼ਸਲ ਵਿੱਚ ਪਾਣੀ ਖੜ੍ਹਾ ਹੈ। ਕਿਸਾਨ ਹੁਣ ਤੋਂ ਹੀ ਯੂਰੀਏ ਤੇ ਡੀ.ਏ.ਪੀ. ਦੇ ਪ੍ਰਬੰਧ ਬਾਰੇ ਸੋਚ ਰਹੇ ਹਨ। ਉਨ੍ਹਾਂ ਨੇ ਥਾਂ-ਥਾਂ ਮੰਡੀਆਂ ਵਿੱਚ ਡੀਲਰਾਂ ਕੋਲ ਤੇ ਪਿੰਡਾਂ ਦੀਆਂ ਸਹਿਕਾਰੀ ਸੰਸਥਾਵਾਂ ਤੇ ਸੁਸਾਇਟੀਆਂ ਕੋਲ ਫੇਰੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਪਰ ਉਨ੍ਹਾਂ ਨੂੰ ਲੋੜ ਮੁਤਾਬਕ ਇਹ ਖਾਦ ਮਿਲਣ ਦਾ ਭਰੋਸਾ ਨਹੀਂ ਮਿਲ ਰਿਹਾ। ਕਈ ਥਾਵਾਂ 'ਤੇ ਕਿਸਾਨ ਤੈਅ ਕੀਮਤ ਤੋਂ ਵੱਧ ਯੂਰੀਆ ਤੇ ਡੀ.ਏ.ਪੀ. ਖ਼ਰੀਦਣ ਲਈ ਵੀ ਮਜ਼ਬੂਰ ਹੋ ਜਾਂਦੇ ਹਨ।

ਜੇ ਖਾਦਾਂ ਦੀ ਵਰਤੋਂ ਮਿੱਟੀ ਪਰਖ ਦੇ ਆਧਾਰ 'ਤੇ ਕਰਨੀ ਹੋਵੇ ਤਾਂ ਦਰਮਿਆਨੀ, ਉਪਜਾਊ ਤੇ ਚੰਗਾ ਝਾੜ ਦੇਣ ਵਾਲੀਆਂ ਜ਼ਮੀਨਾਂ ਵਿੱਚ 55 ਤੋਂ 60 ਕਿਲੋ ਡੀ. ਏ. ਪੀ., 20 ਕਿਲੋ ਮਿਊਰੇਟ ਆਫ਼ ਪੋਟਾਸ਼ ਪ੍ਰਤੀ ਏਕੜ ਪਾਏ ਜਾਣ ਦੀ ਸਿਫ਼ਾਰਸ਼ ਹੈ। ਗੁਰਦਾਸਪੁਰ, ਹੁਸ਼ਿਆਰਪੁਰ, ਰੋਪੜ ਤੇ ਸ਼ਹੀਦ ਭਗਤ ਸਿੰਘ ਨਗਰ ਆਦਿ ਜ਼ਿਲ੍ਹਿਆਂ ਵਿੱਚ 40 ਕਿਲੋ ਮਿਊਰੇਟ ਆਫ਼ ਪੋਟਾਸ਼ ਪਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਕਲਰਾਠੀ ਜ਼ਮੀਨਾਂ ਵਿੱਚ 25% ਵਧੇਰੇ ਨਾਈਟ੍ਰੋਜਨ ਪਾਓ। ਆਮ ਕਿਸਾਨਾਂ ਦੀ ਇਹ ਧਾਰਨਾ ਹੈ ਕਿ ਪਛੇਤੀ ਅੱਧ ਦਸੰਬਰ ਤੋਂ ਬਾਅਦ ਬੀਜੀ ਕਣਕ ਨੂੰ ਨਾਈਟ੍ਰੋਜਨ ਵਧੇਰੇ ਦੇਣੀ ਚਾਹੀਦੀ ਹੈ। ਪ੍ਰੰਤੂ ਪੀ. ਏ. ਯੂ. ਮੁਤਾਬਕ ਇਸ ਨੂੰ 25% ਨਾਈਟ੍ਰੋਜਨ ਘੱਟ ਪਾਉਣ ਦੀ ਲੋੜ ਹੈ। ਸਾਉਣੀ ਦੀਆਂ ਫ਼ਸਲਾਂ ਦੇ ਮੁਕਾਬਲੇ ਕਣਕ ਦੀ ਫ਼ਸਲ ਲਈ ਫ਼ਾਸਫੋਰਸ ਦੀ ਵਧੇਰੇ ਲੋੜ ਹੁੰਦੀ ਹੈ। ਇਸ ਲਈ ਫ਼ਾਸਫੋਰਸ ਵਾਲੀ ਖਾਦ ਜਿਵੇਂ ਡੀ.ਏ.ਪੀ. ਫ਼ਸਲ ਵਿੱਚ ਸਿਫ਼ਾਰਸ਼ ਅਨੁਸਾਰ ਹੀ ਪੂਰੀ ਪਾਉਣ ਦੀ ਲੋੜ ਹੈ। ਇਸ ਦੀ ਮਾਤਰਾ ਘੱਟ ਨਹੀਂ ਹੋਣੀ ਚਾਹੀਦੀ। ਪੂਰੇ ਝਾੜ ਦੀ ਪ੍ਰਾਪਤੀ ਲਈ ਡੀ. ਏ. ਪੀ. ਪੂਰੀ ਮਾਤਰਾ ਵਿੱਚ ਤੇ ਸਹੀ ਢੰਗ ਨਾਲ ਪੋਰੋ। ਜੇ ਫ਼ਾਸਫੋਰਸ ਤੱਤ ਲਈ ਡੀ. ਏ. ਪੀ. ਦੀ ਬਜਾਏ ਸੁਪਰਫ਼ਾਸਫੇਟ ਖਾਦ ਦੀ ਵਰਤੋਂ ਕੀਤੀ ਜਾਵੇ ਤਾਂ ਬਿਜਾਈ ਲਈ 30 ਕਿਲੋ ਪ੍ਰਤੀ ਏਕੜ ਯੂਰੀਆ ਦੀ ਸਿਫ਼ਾਰਸ਼ ਹੈ। ਪ੍ਰੰਤੂ ਡੀ. ਏ. ਪੀ. ਦੇ ਨਾਲ ਯੂਰੀਆ ਪਾਉਣ ਦੀ ਲੋੜ ਨਹੀਂ।

ਮਾਹਿਰਾਂ ਅਨੁਸਾਰ ਡੀ. ਏ. ਪੀ. ਤੇ ਯੂਰੀਆ ਦੀ ਮੰਗ ਅਤੇ ਸਪਲਾਈ ਨੂੰ ਠੀਕ ਕਰਨ ਲਈ ਕਿਸਾਨਾਂ ਨੂੰ ਇਹ ਖਾਦ ਸੂਝ-ਬੂਝ ਨਾਲ ਅਤੇ ਪੀ. ਏ. ਯੂ. ਦੀਆਂ ਸਿਫ਼ਾਰਸ਼ਾਂ ਅਨੁਸਾਰ ਵਰਤਣੀ ਚਾਹੀਦੀ ਹੈ। ਇਸ ਸਾਲ ਬਾਰਿਸ਼ਾਂ ਵੱਧ ਹੋਣ ਕਾਰਨ ਝੋਨਾ, ਮੱਕੀ ਤੇ ਗੰਨਾ ਤਿੰਨੇ ਫ਼ਸਲਾਂ ਦੀ ਕਾਸ਼ਤ ਥੱਲੇ ਰਕਬਾ ਕੁਝ ਵਧਿਆ ਹੈ।



ਮੁਲਕ ਵਿੱਚ ਅਗਸਤ ਤੱਕ ਕਿਸਾਨਾਂ ਨੇ 400 ਲੱਖ ਹੈਕਟੇਅਰ 'ਤੇ ਝੋਨੇ ਦੀ ਬਿਜਾਈ ਕੀਤੀ ਸੀ, ਜੋ ਪਿਛਲੇ ਸਾਲ 15 ਅਗਸਤ ਤੱਕ 362.92 ਲੱਖ ਹੈਕਟੇਅਰ ਹੋਈ ਸੀ। ਮੱਕੀ ਕੀ ਕਾਸ਼ਤ ਥੱਲੇ ਰਕਬਾ ਵੱਧ ਕੇ 82.97 ਲੱਖ ਹੈਕਟੇਅਰ ਤੋਂ 92.79 ਲੱਖ ਹੈਕਟੇਅਰ ਹੋ ਗਿਆ। ਪੰਜਾਬ ਵਿੱਚ ਇਹ ਰਕਬਾ 1 ਲੱਖ ਹੈਕਟੇਅਰ ਨੂੰ ਛੂਹ ਗਿਆ ਹੈ।

ਇਸ ਸਾਲ ਕਿਸਾਨਾਂ ਨੂੰ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਹੈ। ਸ਼ੁਰੂ ਵਿੱਚ ਝੋਨਾ ਉਤਪਾਦਕ ਖੁਸ਼ ਸਨ ਕਿ ਬਾਰਿਸ਼ਾਂ ਚੰਗੀਆਂ ਹੋਈਆਂ ਹਨ ਤੇ ਫ਼ਸਲ ਭਰਪੂਰ ਹੋਵੇਗੀ। ਬਾਅਦ ਵਿੱਚ ਹੜ੍ਹਾਂ ਨੇ ਅਤੇ ਮਦਰਾਪਨ ਜਿਹੀਆਂ ਬਿਮਾਰੀਆਂ ਨੇ ਇਨ੍ਹਾਂ ਆਸਾਂ 'ਤੇ ਪਾਣੀ ਫੇਰ ਦਿੱਤਾ। ਝੋਨੇ ਦੀ ਫ਼ਸਲ ਮੁੱਖ ਹੋਣ ਕਾਰਨ ਜੇ ਵਧੀਆ ਹੋਵੇ ਤਾਂ ਕਿਸਾਨਾਂ ਦੇ ਚਿਹਰੇ 'ਤੇ ਮੁਸਕਰਾਹਟ ਆ ਜਾਂਦੀ ਹੈ। ਹਜ਼ਾਰਾਂ ਏਕੜ ਫ਼ਸਲ ਇਸ ਸਾਲ ਹੜ੍ਹਾਂ ਨਾਲ ਬਰਬਾਦ ਹੋ ਗਈ। ਇਹੋ ਨਹੀਂ, ਜਿੱਥੇ ਫ਼ਸਲ ਖੜ੍ਹੀ ਵੀ ਹੈ, ਉੱਥੇ ਤੇਲੇ ਦਾ ਹਮਲਾ ਹੋ ਗਿਆ, ਜਿਸ ਲਈ ਕਿਸਾਨਾਂ ਨੂੰ ਮਹਿੰਗੇ-ਮਹਿੰਗੇ ਸਪਰੇਅ ਕਰਨੇ ਪੈ ਰਹੇ ਹਨ।

ਪ੍ਰੰਤੂ 'ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ' ਅਤੇ 'ਐਗਰੋ ਇਨਪੁਟਸ ਡੀਲਰਜ਼' ਅਨੁਸਾਰ ਯੂਰੀਆ, ਡੀ. ਏ. ਪੀ., ਮਿਊਰੇਟ ਆਫ਼ ਪੋਟਾਸ਼ ਅਤੇ ਕੰਪਲੈਕਸ ਫਰਟੀਲਾਈਜ਼ਰਜ਼ (ਐਨ. ਪੀ. ਕੇ. ਤੇ ਐਸ) ਦੇ ਭੰਡਾਰ ਲੋੜ ਨਾਲੋਂ ਘੱਟ ਹਨ। ਯੂਰੀਏ ਦੀ ਮੰਗ ਵੱਧ ਗਈ ਹੈ। ਉੱਧਰ ਸਪਲਾਈ ਵਿੱਚ ਕਮੀ ਆਈ ਹੈ। ਚੀਨ ਤੋਂ ਦਰਾਮਦ ਘੱਟ ਗਈ। ਚੀਨ ਪਿਛਲੇ ਸਾਲਾਂ ਵਿੱਚ ਭਾਰਤ ਨੂੰ ਵੱਡੀ ਮਿਕਦਾਰ ਵਿੱਚ ਯੂਰੀਆ ਅਤੇ ਡੀ.ਏ.ਪੀ. ਸਪਲਾਈ ਕਰਨ ਦਾ ਸੋਮਾ ਰਿਹਾ ਹੈ। ਫੇਰ ਭਾਰਤ ਦੇ ਖਾਦ ਪਲਾਂਟਾਂ ਵਿੱਚੋਂ ਆਂਧਰਾ ਪ੍ਰਦੇਸ਼ ਦਾ ਨਾਗਅਰਜੁਨ ਫਰਟੀਲਾਈਜ਼ਰ ਤੇ ਕੈਮੀਕਲਜ਼ ਪਲਾਂਟ ਅਤੇ ਤੇਲੰਗਾਨਾ ਦੇ ਪਲਾਂਟ ਦੀ ਤਕਨੀਕੀ ਨੁਕਸ ਕਾਰਨ ਫਰਟੀਲਾਈਜ਼ਰ ਪ੍ਰੋਡਕਸ਼ਨ ਬੰਦ ਹੋਣ ਕਾਰਨ ਸਪਲਾਈ ਲਗਭਗ ਇਨ੍ਹਾਂ ਪਲਾਂਟਾਂ ਤੋਂ ਵੀ ਬੰਦ ਹੋ ਗਈ ਹੈ।

ਯੂਰੀਆ ਤੇ ਡੀ. ਏ. ਪੀ. ਆਦਿ ਰਸਾਇਣਕ ਖਾਦਾਂ ਦੀ ਖਪਤ ਘਟਾਉਣ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਆਈ. ਸੀ. ਏ. ਆਰ. (ਇੰਡੀਅਨ ਐਗਰੀਕਲਚਰਲ ਰਿਸਰਚ ਇਸਟੀਚਿਊਟ, ਨਵੀਂ ਦਿੱਲੀ) ਅਤੇ ਆਈ. ਆਈ. ਡਬਲਿਊ. ਬੀ. ਆਰ. ਦੇ ਮਾਹਿਰਾਂ ਅਨੁਸਾਰ ਖੋਜ ਤੇ ਪ੍ਰਮਾਣਿਤ ਸੰਸਥਾਵਾਂ ਤੋਂ ਸਿਫ਼ਾਰਸ਼ ਕੀਤੀਆਂ ਕਿਸਮਾਂ ਜਿਵੇਂ ਕਣਕ ਦੀਆਂ ਐੱਚਡੀ-3386, ਐੱਚਡੀ-3385, ਐੱਚਡੀ-3406, ਐੱਚਡੀ-2369, ਐੱਚਡੀ-3298 (ਪਛੇਤੀ ਬਿਜਾਈ ਲਈ) ਅਤੇ ਐੱਚਡੀ-3086 ਆਦਿ ਡੀ.ਬੀ.ਡਬਲਿਊ-372, ਡੀ. ਬੀ. ਡਬਲਿਊ-371, ਡੀ. ਬੀ. ਡਬਲਿਊ-370, ਡੀ. ਬੀ. ਡਬਲਿਊ-222, ਡੀ. ਬੀ. ਡਬਲਿਊ-327, ਡੀ. ਬੀ. ਡਬਲਿਊ-187 ਅਤੇ ਪੀ. ਏ. ਯੂ. ਵਲੋਂ ਸਿਫ਼ਾਰਸ਼ ਪੀ. ਬੀ. ਡਬਲਿਊ-869, ਪੀ. ਬੀ. ਡਬਲਿਊ-766, ਪੀ. ਬੀ. ਡਬਲਿਊ-826 ਆਦਿ ਅਤੇ ਹੋਰ ਪੀ. ਏ. ਯੂ. ਵਲੋਂ ਸਿਫ਼ਾਰਸ਼ ਕਿਸਮਾਂ ਅਤੇ ਡਬਲਿਊ. ਐਚ.-1105 (ਐਚ. ਏ. ਯੂ.) ਆਦਿ ਦੀ ਕਾਸ਼ਤ ਕਰਨੀ ਚਾਹੀਦੀ ਹੈ।

ਹਾੜ੍ਹੀ ਦੀ ਬਿਜਾਈ ਲਈ ਜ਼ਮੀਨ ਵਧੇਰੇ ਯੋਗ ਹੋਣ ਵਜੋਂ ਕਿਸਾਨ ਆਗੂਆਂ ਅਨੁਸਾਰ ਯੂਰੀਆ ਤੇ ਡੀ. ਏ. ਪੀ. ਦੀ ਮੰਗ ਵਧੇਗੀ ਅਤੇ ਖੇਤੀਬਾੜੀ ਵਿਭਾਗ ਨੂੰ ਸਮੇਂ ਸਿਰ ਇਨ੍ਹਾਂ ਖਾਦਾਂ ਨੂੰ ਕਿਸਾਨਾਂ ਤੱਕ ਪਹੁੰਚਾਉਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

# ਹੜ੍ਹਾਂ ਦੇ ਵਹਿਣ ਵਿੱਚ ਵਹਿ ਗਏ ਕਿਸਾਨਾਂ ਦੇ 'ਸੁਪਨੇ ਤੇ ਚਾਅ'

## ਮਾਰੂਥਲ ਬਣ ਗਏ ਉਹ ਖੇਤ, ਜਿੱਥੇ ਲਹਿਰਾਉਂਦੀਆਂ ਸਨ ਹਰੀਆਂ-ਭਰੀਆਂ ਫ਼ਸਲਾਂ

ਹੜ੍ਹਾਂ ਨੇ ਇਸ ਵਾਰ ਲੋਕਾਂ ਨੂੰ ਕੱਖੋਂ ਹੌਲਾ ਕਰ ਦਿੱਤਾ ਹੈ। ਲਗਭਗ 35 ਦਿਨ ਚੱਲੇ ਇਸ ਤਬਾਹੀ ਦੇ ਮੰਜਰ ਨੇ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਲੱਖਾਂ ਲੋਕਾਂ ਨੂੰ ਬਰਬਾਦ ਕਰਕੇ ਰੱਖ ਦਿੱਤਾ। ਕਈ ਜਗ੍ਹਾ 'ਤੇ ਇਸ ਤਰ੍ਹਾਂ ਦਾ ਮੰਜਰ ਬਣਿਆ ਕਿ ਲੋਕਾਂ ਨੂੰ ਪਤਾ ਹੀ ਨਹੀਂ ਲੱਗਾ ਅਤੇ ਸੁੱਤੇ ਪਿਆਂ ਹੀ ਲੋਕ 3 ਤੋਂ 4 ਫੁੱਟ ਪਾਣੀ ਦੀਆਂ ਛੱਲਾਂ ਦੀ ਲਪੇਟ ਵਿੱਚ ਆ ਗਏ। ਇਹ ਲੋਕ ਘਰੋਂ ਬੇਘਰ ਹੋ ਗਏ, ਪਰ ਸਮਾਜ ਸੇਵੀ ਸੰਸਥਾਵਾਂ ਇਨ੍ਹਾਂ ਲੋਕਾਂ ਲਈ ਰੱਬ ਬਣ ਬਹੁੜੀਆਂ। ਹੜ੍ਹ ਪੀੜਤਾਂ ਲਈ ਲੰਗਰ, ਪਸ਼ੂਆਂ ਲਈ ਚਾਰਾ ਅਤੇ ਹੋਰ ਜ਼ਰੂਰੀ ਸਾਮਾਨ ਤਾਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਦਿਨ-ਰਾਤ ਪਹੁੰਚਿਆ, ਪਰ ਹੁਣ ਹੜ੍ਹਾਂ ਦਾ ਪਾਣੀ ਲੱਥ ਜਾਣ ਤੋਂ ਬਾਅਦ ਬਰਬਾਦੀ ਦੀ ਅਸਲ ਤਸਵੀਰ ਸਾਹਮਣੇ ਆਈ ਹੈ। ਬਿਆਸ ਸਤਲੁਜ ਦਰਿਆਵਾਂ ਦੇ ਸੰਗਮ ਹਰੀਕੇ ਹੈਡ ਵਰਕਸ ਤੋਂ ਡਾਊਨ ਸਟਰੀਮ ਵਾਲੇ ਪਾਸੇ ਪੈਂਦੇ ਹਰੀਕੇ ਹਥਾੜ ਖੇਤਰ ਵਿੱਚ ਫ਼ਸਲਾਂ ਦਾ ਨਾਮੋ-ਨਿਸ਼ਾਨ ਨਹੀਂ, ਜ਼ਮੀਨਾਂ ਰੇਗਿਸਤਾਨ ਬਣ ਗਈਆਂ, ਲੋਕਾਂ ਦੇ ਘਰ ਰੁੜ ਗਏ, ਮੋਟਰਾਂ ਵਾਲੇ ਕਮਰੇ ਤੇਜ਼ ਵਹਾਅ ਦੀ ਭੇਟ ਚੜ੍ਹ ਗਏ। ਬਿਜਲੀ ਦੇ ਖੰਭੇ, ਟਰਾਂਸਫਾਰਮਰ ਖਿੱਲਰੇ ਪਏ ਸਨ। ਇਹ ਤਸਵੀਰ ਇਨ੍ਹਾਂ ਜ਼ਮੀਨਾਂ ਦੇ ਮਾਲਕਾਂ ਲਈ ਬਹੁਤ ਅਸਹਿ ਹੈ; ਕਿਉਂਕਿ ਝੋਨੇ ਦੀ ਭਰਵੀਂ ਫ਼ਸਲ, 6-6 ਫੁੱਟ ਤੱਕ ਲਹਿਰਾਉਂਦਾ ਕਮਾਦ, ਮੂੰਗੀ ਅਤੇ ਪਸ਼ੂਆਂ ਦਾ ਚਾਰਾ ਆਦਿ ਵਾਲੇ ਖੇਤ ਮਾਰੂਥਲ ਬਣ ਗਏ। ਰੇਤਾ, ਗਾਰ ਨਾਲ ਲੱਪਾ-ਲੱਪਾ ਭਰੀ ਜ਼ਮੀਨ ਵਿੱਚ ਤਾਂ ਇਹ ਪਤਾ ਲਗਾਉਣਾ ਔਖਾ ਹੈ ਕਿ ਕਿਸ ਕਿਸਾਨ ਦੀ ਜ਼ਮੀਨ ਕਿੱਥੇ ਹੈ। ਹਰੀਕੇ ਹਥਾੜ ਖੇਤਰ ਦੇ ਕਿਸਾਨ ਤਾਂ ਮਸਾਂ 2023 ਦੇ ਹੜ੍ਹਾਂ ਦੀ ਮਾਰ ਤੋਂ ਉੱਠੇ ਸਨ ਕਿ ਹੁਣ ਹੜ੍ਹਾਂ ਦੀ ਸੱਟ ਦਾ ਇਲਾਜ ਇਨ੍ਹਾਂ ਵਿਚਾਰਿਆਂ ਦੇ ਵੱਸ ਦੀ ਗੱਲ ਨਹੀਂ। ਜ਼ਿਆਦਾਤਰ ਖੇਤਾਂ ਵਿੱਚ ਗਾਰ ਮਿੱਟੀ 6 ਤੋਂ 10 ਫੁੱਟ ਤੱਕ ਚੜ੍ਹ ਗਈ ਹੈ ਅਤੇ ਕਈਆਂ ਵਿੱਚ ਅਜੇ ਵੀ ਪਾਣੀ ਦਾ ਦਰਿਆ ਚੱਲ ਰਿਹਾ ਹੈ। ਇਨ੍ਹਾਂ ਹੜ੍ਹ ਪੀੜਤਾਂ ਦੇ ਸਾਰੇ ਸੁਪਨੇ ਅਤੇ ਚਾਅ ਹੜ੍ਹਾਂ ਦੇ ਵਹਿਣ ਵਿਚ ਹੀ ਵਹਿ ਗਏ। ਕਿਸੇ ਨੇ ਆਪਣੀ ਬੇਟੀ ਦਾ ਵਿਆਹ ਰੱਖਿਆ ਸੀ ਅਤੇ ਕਿਸੇ ਨੇ ਝੋਨੇ ਦੀ ਫ਼ਸਲ ਨੂੰ ਲੈ ਕੇ ਹੋਰ ਸੁਪਨੇ ਸੰਜੋਏ ਸਨ ਕਿ ਸਭ ਕੁਝ ਹੜ੍ਹਾਂ ਨੇ ਖਤਮ ਕਰ ਦਿੱਤਾ।

### ਰੇਤ ਦੇ ਟਿੱਬਿਆਂ ਵਿੱਚ ਤਬਦੀਲ ਹੋਈ ਜ਼ਰਖੇਜ਼ ਜ਼ਮੀਨ

ਕੁਦਰਤੀ ਆਫ਼ਤਾਂ ਦੌਰਾਨ ਦੇਸ਼ ਦੇ ਸਾਰੇ ਸੂਬਿਆਂ ਵਿੱਚ ਪੀੜਤ ਲੋਕਾਂ ਦੀ ਮੱਦਦ ਕਰਨ ਵਾਲਾ ਮਾਝੇ ਦਾ ਕਿਸਾਨ ਅੱਜ ਖੁਦ ਮੱਦਦ ਵਾਸਤੇ ਹੱਥ ਅੱਡ ਰਿਹਾ ਹੈ। ਮਦਦ ਭਾਵੇਂ ਘਰੇਲੂ ਵਸਤਾਂ ਦੀ ਹੋਵੇ, ਡੰਗਰਾਂ ਦੇ ਚਾਰੇ ਦੀ ਜਾਂ ਫਿਰ ਘਰਾਂ ਦੇ ਬਰਬਾਦ ਹੋਏ ਸਾਜ਼ੋ ਸਾਮਾਨ ਦੀ। ਸਰਹੱਦੀ ਖੇਤਰ ਦਾ ਕਿਸਾਨ ਕਣਕ ਦੀ ਬਿਜਾਈ ਨੂੰ ਲੈ ਕੇ ਵੀ ਡਾਹਢਾ ਪ੍ਰੇਸ਼ਾਨ ਹੈ, ਕਿਉਂਕਿ ਝੋਨੇ ਦੀ ਫ਼ਸਲ ਤਬਾਹ ਹੋ ਗਈ ਹੈ, ਜਿਸ ਨੂੰ ਵੇਚ ਕੇ ਬੈਂਕ ਦੀਆਂ ਲਿਮਟਾਂ, ਟਰੈਕਟਰਾਂ ਸਮੇਤ ਖੇਤੀ ਸੰਦਾਂ ਦੀਆਂ ਕਿਸ਼ਤਾਂ ਅਤੇ ਸ਼ਾਹੂਕਾਰਾਂ ਕੋਲੋਂ ਵਿਆਜ 'ਤੇ ਘਰੇਲੂ ਵਰਤੋਂ ਲਈ ਉਧਾਰ ਲਈਆਂ ਰਕਮਾਂ ਜੋ ਝੋਨੇ ਦੀ ਬਰਬਾਦੀ ਪਿੱਛੋਂ ਕਿਸਾਨਾਂ ਨੂੰ ਹਰ ਪਾਸੇ ਹਨੇਰਾ ਦਿਖਾਈ ਦਿੰਦਾ ਹੈ। ਅਜੇ ਤੱਕ ਖੇਤਾਂ ਅੰਦਰ 2 ਤੋਂ 5 ਫੁੱਟ ਤੱਕ ਪਾਣੀ ਖੜ੍ਹਾ ਹੈ, ਜਿਨ੍ਹਾਂ ਵਿੱਚੋਂ ਪਾਣੀ ਨਿਕਲਣ ਦੀ ਮਾਤਰਾ ਨਾਮਾਤਰ ਹੈ, ਕਿਉਂਕਿ ਨੌਮਣੀ ਤੇ ਸੱਕੀ ਨਾਲਾ ਜੋ ਪਾਣੀ ਦੀ ਨਿਕਾਸੀ ਕਰਦੇ ਸਨ, ਉਨ੍ਹਾਂ ਨੂੰ ਲਾਲਚ ਵੱਸ ਕਿਸਾਨਾਂ ਨੇ ਜਿੱਥੇ ਬਹੁਤ ਛੋਟਾ ਕਰ ਦਿੱਤਾ, ਉਥੇ ਸਮੇਂ ਦੀਆਂ ਸਰਕਾਰਾਂ ਨੇ ਇਨ੍ਹਾਂ ਦੀ ਰਾਖੀ ਅਤੇ ਖਲਾਈ ਲਈ ਕੁਝ ਨਹੀਂ ਕੀਤਾ। ਇਸ ਦੇ ਨਾਲ ਹੀ ਦਰਿਆ ਰਾਵੀ, ਨੌਮਣੀ ਨਾਲਾ ਅਤੇ ਸੱਕੀ ਨਾਲੇ ਅੰਦਰ ਪਏ ਪਾੜ੍ਹ ਅਜੇ ਤੱਕ ਭਰੇ ਨਹੀਂ ਜਾ ਸਕੇ। ਇਸ ਕਾਰਨ ਪਾਣੀ ਖੇਤਾਂ ਵੱਲ ਲਗਾਤਾਰ ਵਹਿ ਰਿਹਾ ਹੈ। ਅਨੇਕਾਂ ਕਿਸਾਨਾਂ ਦੀ ਸੈਂਕੜੇ ਏਕੜ ਜ਼ਮੀਨ ਰੇਤੇ ਦੇ ਟਿੱਬਿਆਂ ਵਿੱਚ ਬਦਲ ਚੁੱਕੀ ਹੈ। ਭਾਵੇਂ ਪੰਜਾਬ ਸਰਕਾਰ ਵੱਲੋਂ ਖੇਤਾਂ ਵਿੱਚ ਜਮ੍ਹਾਂ ਰੇਤ ਚੁੱਕਣ ਲਈ ਕਿਸਾਨਾਂ ਨੂੰ ਖੁੱਲ੍ਹ ਦਿੱਤੀ ਹੈ, ਪਰ ਖੇਤਰ ਦੀਆਂ ਸੜਕਾਂ, ਰਸਤੇ ਜੋ ਹੜ੍ਹ ਦੇ ਪਾਣੀ ਨਾਲ ਪ੍ਰਭਾਵਿਤ ਹਨ, ਆਵਾਜਾਈ ਯੋਗ ਨਹੀਂ ਰਹੇ। ਉਨ੍ਹਾਂ ਰਾਹੀਂ ਖੇਤ ਦੀ ਨਿਕਾਸੀ 15 ਨਵੰਬਰ ਤੱਕ ਸੰਭਵ ਨਹੀਂ ਹੋ ਸਕਦੀ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵੱਲੋਂ ਢਾਈ ਏਕੜ ਤੋਂ ਛੋਟੇ ਕਿਸਾਨਾ ਦੇ ਖੇਤਾਂ ਵਿੱਚ ਰੇਤ ਕੱਢਣ ਦਾ ਕੰਮ ਕੁਝ ਸਰਕਾਰੀ ਵਿਭਾਗਾਂ ਨੂੰ ਸੌਂਪਣ ਦਾ ਰਾਹਤ ਵਾਲਾ ਬਿਆਨ ਸਾਹਮਣੇ ਆਇਆ ਹੈ। ਇਸੇ ਤਰ੍ਹਾਂ ਕੁਝ ਨਾਮਵਰ ਕਲਾਕਾਰਾਂ, ਫਿਲਮੀ ਹਸਤੀਆਂ ਅਤੇ ਸਮਾਜ ਸੇਵੀ ਜਥੇਬੰਦੀਆਂ ਨੇ ਕਈ ਪਿੰਡ ਗੋਦ ਲੈਣ ਦਾ ਦਾਅਵਾ ਕੀਤਾ ਹੈ। ਪਰ ਸਰਹੱਦੀ ਖੇਤਰ ਦੇ ਲੋਕਾਂ ਦਾ ਕਹਿਣਾ ਹੈ ਕਿ ਲਾਚਾਰਾਂ ਵਾਂਗ ਲਾਈਨਾਂ ਵਿੱਚ ਲੱਗ ਕੇ ਮਝੈਲਾਂ ਨੂੰ ਰਾਹਤ ਲੈਣ ਦੀ ਆਦਤ ਨਹੀਂ, ਫਿਰ ਇਹ ਸਹਾਇਤਾ ਉਨ੍ਹਾਂ ਤੱਕ ਕਿਵੇਂ ਪੁੱਜੇਗੀ। ਕਿਸਾਨ ਕਸ਼ਮੀਰ ਸਿੰਘ ਧੰਗਾਈ, ਗੁਰਿੰਦਰਬੀਰ ਸਿੰਘ ਬੋਬਾ, ਕਿਸਾਨ ਆਗੂ ਪਲਵਿੰਦਰ ਸਿੰਘ ਮਾਹਲ, ਸਤਨਾਮ ਸਿੰਘ ਅੜਾਇਆ, ਗੁਰਦੇਵ ਸਿੰਘ ਗੱਗੋਮਾਹਲ, ਪ੍ਰਗਟ ਸਿੰਘ ਚਾਹੜਪੁਰ, ਬਘੇਲ ਸਿੰਘ ਕੋਟਮੁਗਲ ਨੇ ਕਿਹਾ ਕਿ ਪਹਿਲਾਂ ਹੀ ਕਰਜ਼ੇ ਦੀ ਦਲਦਲ ਵਿੱਚ ਫਸ ਚੁੱਕੀ ਕਿਸਾਨੀ ਦਾ ਅੱਜ ਬੁਰਾ ਹਾਲ ਹੈ। ਸਮੇਂ ਦੀਆਂ ਸਰਕਾਰਾਂ ਹੜ੍ਹ ਪ੍ਰਭਾਵਿਤ ਖੇਤਰ ਨੂੰ ਸਿਆਸਤ ਦਾ ਅਖਾੜਾ ਬਣਾਉਣ ਦੀ ਬਜਾਏ, ਉਨ੍ਹਾਂ ਦੇ ਪੁਨਰਵਾਸ ਵੱਲ ਧਿਆਨ ਦੇਣ ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਸਰਕਾਰਾਂ ਨੂੰ ਕੋਈ ਮੁਆਫ ਨਹੀਂ ਕਰੇਗਾ।

### ਹੜ੍ਹ ਦੇ ਮਾਰੇ ਕਿਸਾਨਾਂ ਦੀ ਫਰਿਆਦ

ਇਸ ਮੌਕੇ ਜਦ ਕਿਸਾਨ ਦੇਸਾ ਸਿੰਘ ਘੜੰਮ, ਸਰਵਨ ਸਿੰਘ, ਅਵਤਾਰ ਸਿੰਘ ਆਦਿ ਨਾਲ ਗੱਲ ਕੀਤੀ ਤਾਂ ਜ਼ਮੀਨਾਂ ਦੀ ਹਾਲਤ ਵੇਖ ਕੇ ਉਨ੍ਹਾਂ ਦੇ ਮਨ ਭਰੇ ਹੋਏ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਨੂੰ ਵਾਹੀਯੋਗ ਬਣਾਉਣਾ ਸਾਡੇ ਵੱਸ ਦੀ ਗੱਲ ਨਹੀਂ, ਕਿਉਂਕਿ ਇਸ ਲਈ ਵੱਡੇ ਖਰਚੇ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਾਡੀ ਤਾਂ ਸਰਕਾਰ ਅਤੇ ਸਮਾਜ ਸੇਵੀ ਸੰਸਥਾਵਾਂ ਅੱਗੇ ਇਹੀ ਫਰਿਆਦ ਹੈ ਕਿ ਸਾਡੀਆਂ ਜ਼ਮੀਨਾਂ ਨੂੰ ਵਾਹੀਯੋਗ ਬਣਾਉਣ ਲਈ ਹੁਣ ਤੋਂ ਹੀ ਉਪਰਾਲੇ ਕੀਤੇ ਜਾਣ, ਤਾਂ ਜੋ ਅਸੀਂ ਕਣਕ ਦੀ ਬਿਜਾਈ ਕਰ ਸਕੀਏ।

# ਹੜ੍ਹਾਂ ਅਤੇ ਭਾਰੀ ਬਰਸਾਤ ਕਾਰਨ ਫ਼ਸਲ ਹੋਈ ਖਰਾਬ, ਵਾਢੀ ਦੇ ਖਰਚੇ ਹੋਏ ਦੁੱਗਣੇ

ਕਿਸਾਨ ਦੀ ਭਾਈਵਾਲੀ ਰੱਬ ਨਾਲ ਹੁੰਦੀ ਹੈ। ਇਹ ਅਖਾਣ ਉਸ ਵੇਲੇ ਸੱਚ ਸਾਬਤ ਹੋਇਆ, ਜਦ ਹੜ੍ਹ ਅਤੇ ਭਾਰੀ ਬਰਸਾਤ ਦੀ ਮਾਰ ਹੇਠ ਆਏ ਕਿਸਾਨ ਭਵਿੱਖ ਨੂੰ ਲੈ ਕੇ ਚਿੰਤਾ ਵਿੱਚ ਡੁੱਬੇ ਹੋਏ ਹਨ। ਪਿਛਲੇ ਦਿਨੀਂ ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਹੜ੍ਹਾਂ ਨੇ ਮਚਾਈ ਤਬਾਹੀ ਦੇ ਨਾਲ ਜਿੱਥੇ ਸਰਹੱਦੀ ਖੇਤਰ ਦੇ ਲੋਕਾਂ ਨੂੰ ਆਰਥਿਕ ਤੌਰ 'ਤੇ ਵੱਡੀ ਸੱਟ ਵੱਜੀ ਹੈ, ਉਥੇ ਨਾਲ ਹੀ ਕਿਸਾਨੀ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਹੜ੍ਹਾਂ ਤੋਂ ਇਲਾਵਾ ਮੈਦਾਨੀ ਇਲਾਕਿਆਂ ਵਿੱਚ ਭਾਰੀ ਬਰਸਾਤ ਨਾਲ ਵੀ ਫ਼ਸਲਾਂ ਦੇ ਝਾੜ 'ਤੇ ਅਸਰ ਪੈਣ ਦਾ ਕਿਸਾਨਾਂ ਨੂੰ ਡਰ ਸਤਾ ਰਿਹਾ ਹੈ। ਹੜ੍ਹਾਂ ਅਤੇ ਭਾਰੀ ਬਰਸਾਤ ਕਾਰਨ ਅੱਜ ਤੱਕ ਖੇਤਾਂ ਵਿੱਚ ਭਾਰੀ ਗਿੱਲ ਹੈ, ਜਿਸ ਕਾਰਨ ਜਿੱਥੇ ਫ਼ਸਲ ਪੱਕੀ ਹੋਈ ਹੈ, ਉੱਥੇ ਕਟਾਈ ਲਈ ਕਿਸਾਨਾਂ ਨੂੰ ਮੁਸ਼ਕਿਲਾਂ ਨਾਲ ਜੂਝਣਾ ਪੈ ਰਿਹਾ ਹੈ। ਕਿਸਾਨਾਂ ਨੂੰ ਹੜ੍ਹਾਂ ਨਾਲ ਖਰਾਬ ਹੋ ਚੁੱਕੀ ਫ਼ਸਲ ਦੀ ਕਟਾਈ ਲਈ ਦੁੱਗਣੇ ਖਰਚੇ ਕਰਨੇ ਪੈ ਰਹੇ ਹਨ। ਉਧਰ ਜਿੱਥੇ ਪੰਜਾਬ ਦੇ ਸਰਹੱਦੀ ਖੇਤਰ ਵਿੱਚ ਹੜ੍ਹ ਦੀ ਮਾਰ ਨਾਲ ਕਰੀਬ 2 ਲੱਖ ਹੈਕਟੇਅਰ ਤੋਂ ਵਧੇਰੇ ਫ਼ਸਲ ਖਰਾਬ ਹੋਈ ਹੈ, ਉੱਥੇ ਭਾਰੀ ਬਰਸਾਤ ਨਾਲ ਵੀ ਪਰਮਲ ਬਾਸਮਤੀ ਅਤੇ ਹੋਰ ਫ਼ਸਲਾਂ ਉੱਤੇ ਭਾਰੀ ਅਸਰ ਹੋਇਆ ਹੈ। ਕਿਸਾਨ ਪੱਕੀ ਫ਼ਸਲ ਦੀ ਟੇਕ 'ਤੇ ਆਪਣੇ ਪਰਿਵਾਰ ਦੇ ਖਰਚੇ ਮਿੱਥਦਾ ਹੈ ਅਤੇ ਫ਼ਸਲ ਖਰੀਦ ਵੇਚ ਤੋਂ ਬਾਅਦ ਉਹ ਘਰੇਲੂ ਖਰਚਿਆਂ ਨੂੰ ਪੂਰਾ ਕਰਦਾ ਹੈ, ਪਰ ਹੜ੍ਹ ਨਾਲ ਕਿਸਾਨਾਂ ਦਾ ਲੱਕ ਟੁੱਟ ਗਿਆ ਹੈ। ਉੱਥੇ ਕਿਸਾਨਾਂ ਦੇ ਨਾਲ-ਨਾਲ ਵਪਾਰੀ ਵਰਗ ਵੀ ਇਸ ਵਾਰ ਆਰਥਿਕ ਤੌਰ 'ਤੇ ਘਾਟਾ ਖਾਏਗਾ। ਪੰਜਾਬ ਸਰਕਾਰ ਵੱਲੋਂ 16 ਸਤੰਬਰ ਤੋਂ ਪਰਮਲ ਦੀ ਖਰੀਦ ਸ਼ੁਰੂ ਕਰ ਦਿੱਤੀ ਗਈ ਹੈ। ਖੇਤਾਂ ਵਿੱਚ ਖੜ੍ਹੇ ਪਾਣੀ ਵਿੱਚੋਂ ਪੱਕੀਆਂ ਫ਼ਸਲਾਂ ਨੂੰ ਵਢਾਉਣ ਲਈ ਕਿਸਾਨ ਵੱਖਰੇ ਸਾਧਨਾਂ ਰਾਹੀਂ ਹੱਥ ਪੈਰ ਮਾਰ ਰਿਹਾ ਹੈ।



ਹੜ੍ਹ ਦੀ ਮਾਰ ਹੇਠ ਖਰਾਬ ਹੋਈ ਫ਼ਸਲ ਨੂੰ ਦਿਖਾਉਂਦਾ ਹੋਇਆ ਘਣੀਏ ਕੇ ਬੇਟ ਦਾ ਕਿਸਾਨ ਕੁਲਦੀਪ ਸਿੰਘ।

## ਅਗੇਤੀ ਬਾਸਮਤੀ ਦੀ ਫ਼ਸਲ 1509 ਤੇ 1692 ਦੇ ਭਾਅ ਵਿੱਚ ਆਈ ਗਿਰਾਵਟ ਨਾਲ ਵੀ ਕਿਸਾਨ ਮਾਯੂਸ

ਪੰਜਾਬ ਦਾ ਕਿਸਾਨ ਦੋਹਰੀ ਮਾਰ ਝੱਲਣ ਲਈ ਮਜ਼ਬੂਰ ਹੈ। ਪੰਜਾਬ ਦੀਆਂ ਮੰਡੀਆਂ ਵਿੱਚ ਆ ਰਹੀ ਅਗੇਤੀ ਬਾਸਮਤੀ ਦੀ ਫ਼ਸਲ 1509 ਅਤੇ 1692 ਦੇ ਭਾਅ ਵਿੱਚ ਆਈ ਗਿਰਾਵਟ ਨਾਲ ਵੀ ਕਿਸਾਨ ਮਾਯੂਸ ਹਨ। ਇੱਥੇ ਦੱਸ ਦੇਈਏ ਕਿ ਪਹਿਲਾਂ ਬਾਸਮਤੀ-1509 ਅਤੇ 1692 ਦਾ ਰੇਟ 3000 ਤੋਂ 3600 ਤੱਕ ਨਿਕਲਿਆ ਸੀ, ਪਰ ਕੁਝ ਦਿਨਾਂ ਤੋਂ ਇਹ ਰੇਟ ਘੱਟ ਕੇ 2800 ਤੋਂ ਲੈ ਕੇ 3100 ਤੱਕ ਰਹਿ ਗਿਆ ਹੈ, ਜਿਸ ਨਾਲ ਕਿਸਾਨ ਪਰੇਸ਼ਾਨ ਹਨ।

## ਨਮੀਂ ਵਾਲੇ ਖੇਤਾਂ ਵਿੱਚੋਂ ਫ਼ਸਲ ਵਢਾਉਣ ਲਈ ਕਿਸਾਨ ਚੇਨ ਵਾਲੀਆਂ ਅਤੇ ਫੋਰ ਬਾਏ ਫੋਰ ਕੰਬਾਈਨ ਮਸ਼ੀਨਾਂ ਦਾ ਲੈ ਰਹੇ ਹਨ ਸਹਾਰਾ

ਹੜ੍ਹਾਂ ਅਤੇ ਭਾਰੀ ਬਰਸਾਤ ਕਾਰਨ ਖੇਤਾਂ ਵਿੱਚ ਬਹੁਤ ਨਮੀ ਪਾਈ ਜਾ ਰਹੀ ਹੈ। ਜ਼ਮੀਨਾਂ ਗਿੱਲੀਆਂ ਹੋਣ ਕਾਰਨ ਪੱਕੀ ਫ਼ਸਲ ਨੂੰ ਵਢਾਉਣ ਲਈ ਕਿਸਾਨਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗਿੱਲੀਆਂ ਜ਼ਮੀਨਾਂ ਵਿੱਚ ਫ਼ਸਲਾਂ ਵੱਢਣ ਲਈ ਕਿਸਾਨ ਚੇਨ ਵਾਲੀਆਂ ਕੰਬਾਈਨਾਂ ਤੋਂ ਇਲਾਵਾ 4×4 ਛੋਟੀਆਂ ਮਸ਼ੀਨਾਂ ਦਾ ਸਹਾਰਾ ਲੈ ਰਹੇ ਹਨ। ਕੰਬਾਈਨਾਂ ਰਾਹੀਂ ਪਹਿਲਾਂ ਕਿਸਾਨ ਰੂਟੀਨ ਵਿੱਚ 2500 ਰੁਪਏ ਤੋਂ ਲੈ ਕੇ 3000 ਰੁਪਏ ਪ੍ਰਤੀ ਏਕੜ ਕਟਾਈ ਦਾ ਖਰਚ ਦਿੰਦਾ ਸੀ, ਪਰ ਇਸ ਵਾਰ ਜ਼ਮੀਨਾਂ ਬਹੁਤ ਜ਼ਿਆਦਾ ਗਿੱਲੀਆਂ ਹੋਣ ਕਾਰਨ ਕਿਸਾਨ ਚੇਨ ਵਾਲੀਆਂ ਕੰਬਾਈਨਾਂ ਦਾ ਪ੍ਰਤੀ ਏਕੜ 7000 ਰੁਪਏ ਖਰਚਾ ਦੇ ਰਹੇ ਹਨ। ਘਣੀਏ ਕੇ ਬੇਟ ਦੇ ਕਿਸਾਨ ਕੁਲਦੀਪ ਸਿੰਘ ਨੇ ਕਿਹਾ ਕਿ ਹੜ੍ਹਾਂ ਦੀ ਮਾਰ ਨਾਲ ਉਸ ਦੀ 20 ਏਕੜ ਤੋਂ ਜ਼ਿਆਦਾ ਫ਼ਸਲ ਖਰਾਬ ਹੋ ਚੁੱਕੀ ਹੈ। ਉਸਨੇ ਕਿਹਾ ਕਿ ਜਿਹੜੀ ਥੋੜ੍ਹੀ ਬਹੁਤੀ ਫ਼ਸਲ ਬਚੀ ਹੈ, ਉਸ ਨੂੰ ਕਟਾਉਣ ਲਈ ਦੁੱਗਣਾ ਖਰਚਾ ਕਰਕੇ ਚੇਨ ਵਾਲੀਆਂ ਮਸ਼ੀਨਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ।


ਖੇਤੀ ਦੁਨੀਆਂ

ਚੰਦਿਆਂ 'ਤੇ ਵਿਸ਼ੇਸ਼ ਛੂਟ

ਇੱਕ ਸਾਲ ਲਈ 300/- ਰੁਪਏ

ਦੋ ਸਾਲ ਲਈ 500/- ਰੁਪਏ

ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਇਹ ਸਕੀਮ 30 ਸਤੰਬਰ, 2025 ਤੱਕ ਹੈ।

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ ਸਿਰਫ 100/-* ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਖੇਤੀ ਦੁਨੀਆਂ

ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com


# ਪੰਜਾਬ ਵਿੱਚ 10 ਹਜ਼ਾਰ ਏਕੜ ਝੋਨੇ ਦੀ ਫ਼ਸਲ 'ਤੇ 'ਚੀਨੀ ਵਾਇਰਸ' ਦਾ ਹਮਲਾ

## ਸੱਤ ਜ਼ਿਲ੍ਹਿਆਂ ਵਿੱਚ ਹਜ਼ਾਰਾਂ ਏਕੜ ਰਕਬਾ ਬਿਮਾਰੀ ਦੀ ਲਪੇਟ ਵਿੱਚ



ਮਾਨਸਾ ਦੇ ਮੁੱਖ ਖੇਤੀਬਾੜੀ ਅਫਸਰ ਡਾ. ਹਰਪ੍ਰੀਤ ਪਾਲ ਕੌਰ ਟੀਮ ਸਮੇਤ ਝੋਨੇ ਦੇ ਖੇਤਾਂ ਦਾ ਦੌਰਾ ਕਰਦੇ ਹੋਏ।

ਪੰਜਾਬ ਵਿੱਚ ਪੱਕਣ 'ਤੇ ਆਈ ਝੋਨੇ ਦੀ ਫ਼ਸਲ ਉੱਪਰ 'ਚੀਨੀ ਵਾਇਰਸ' ਦਾ ਹਮਲਾ ਹੋ ਗਿਆ ਹੈ। ਇਸ ਤੋਂ ਘਬਰਾ ਕੇ ਕਿਸਾਨਾਂ ਵੱਲੋਂ ਤਰ੍ਹਾਂ-ਤਰ੍ਹਾਂ ਦੀਆਂ ਸਪਰੇਆਂ ਕੀਤੀਆਂ ਜਾ ਰਹੀਆਂ ਹਨ। ਇਸ ਵਾਇਰਸ ਦੇ ਹਮਲੇ ਕਾਰਨ ਖੇਤਾਂ ਵਿੱਚ ਖੜ੍ਹੀ ਝੋਨੇ ਦੀ ਫ਼ਸਲ ਅਚਾਨਕ ਸੁੱਕਣ ਲੱਗ ਜਾਂਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ. ਏ. ਯੂ.) ਲੁਧਿਆਣਾ ਦੇ ਮਾਹਿਰਾਂ ਵੱਲੋਂ ਇਸ ਵਾਇਰਸ ਦਾ ਮੁਆਇਨਾ ਕਰਨ ਲਈ ਲਗਾਤਾਰ ਖੇਤਾਂ ਦਾ ਦੌਰਾ ਕੀਤਾ ਜਾ ਰਿਹਾ ਹੈ। ਖੇਤੀ ਮਾਹਿਰਾਂ ਅਨੁਸਾਰ 'ਚੀਨੀ ਵਾਇਰਸ' ਦੀ ਮਾਰ ਹੇਠ ਮਾਨਸਾ ਤੋਂ ਇਲਾਵਾ ਸੰਗਰੂਰ, ਪਟਿਆਲਾ, ਫਤਿਹਗੜ੍ਹ ਸਾਹਿਬ, ਮੁਹਾਲੀ, ਪਠਾਨਕੋਟ ਅਤੇ ਰੂਪਨਗਰ ਜ਼ਿਲ੍ਹੇ ਆ ਗਏ ਹਨ, ਜਿੱਥੇ 10 ਹਜ਼ਾਰ ਏਕੜ ਤੋਂ ਵੱਧ ਰਕਬਾ ਇਸ ਬਿਮਾਰੀ ਦੀ ਲਪੇਟ ਹੇਠਾਂ ਦੱਸਿਆ ਜਾ ਰਿਹਾ ਹੈ। ਵੇਰਵਿਆਂ ਅਨੁਸਾਰ ਪੀ. ਏ. ਯੂ. ਦੇ ਮਾਹਿਰਾਂ ਵੱਲੋਂ ਇਸ ਬਿਮਾਰੀ ਦੇ ਟਾਕਰੇ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਜਾਣਕਾਰੀ ਮੁਤਾਬਕ ਹੜ੍ਹਾਂ ਦੇ ਪਾਣੀ ਕਾਰਨ ਇਹ ਵਾਇਰਸ ਵੱਧ ਫੈਲਣ ਲੱਗ ਪਿਆ ਹੈ। ਉਂਝ ਪਿਛਲੇ ਦੋ ਸਾਲਾਂ ਵਿੱਚ ਇਸ ਵਾਇਰਸ ਦਾ ਨਾ-ਮਾਤਰ ਹੀ ਹਮਲਾ ਹੋਇਆ ਸੀ, ਪਰ ਇਸ ਵਾਰ ਹੜ੍ਹਾਂ ਤੋਂ ਬਾਅਦ ਇਹ ਹਮਲਾ ਅਚਾਨਕ ਹੀ ਵੱਧ ਗਿਆ ਹੈ। ਪੰਜਾਬ ਸਰਕਾਰ ਨੂੰ ਝੋਨੇ ਦੀ ਫ਼ਸਲ 'ਤੇ ਹਮਲੇ ਦੀ ਜਾਣਕਾਰੀ ਦੇਣ ਤੋਂ ਬਾਅਦ ਖੇਤੀਬਾੜੀ ਅਧਿਕਾਰੀਆਂ ਸਮੇਤ ਪੀ. ਏ. ਯੂ. ਦੀਆਂ ਲਗਭਗ 12 ਟੀਮਾਂ ਵੱਲੋਂ ਖੇਤਾਂ ਵਿੱਚ ਜਾ ਕੇ ਕਿਸਾਨਾਂ ਨਾਲ ਤਾਲਮੇਲ ਬਣਾਇਆ ਜਾ ਰਿਹਾ ਹੈ। ਇੱਕ ਅਧਿਕਾਰੀ ਨੇ ਦੱਸਿਆ ਕਿ ਚੀਨੀ ਵਾਇਰਸ ਕਾਰਨ ਹਜ਼ਾਰਾਂ ਏਕੜ ਝੋਨੇ ਦੀ ਫ਼ਸਲ ਪ੍ਰਭਾਵਿਤ ਹੋ ਗਈ ਹੈ। ਖੇਤੀ ਵਿਗਿਆਨੀਆਂ ਮੁਤਾਬਕ ਵਾਇਰਸ ਦੇ ਹਮਲੇ ਮਗਰੋਂ ਝੋਨੇ ਦੇ ਸਿੱਟਿਆਂ ਵਿਚਲੇ ਦਾਣੇ ਸੁੱਕ ਜਾਂਦੇ ਹਨ ਅਤੇ ਉਸ ਦਾ ਕੱਦ ਵੀ ਘੱਟ ਰਹਿ ਜਾਂਦਾ ਹੈ। ਵਾਇਰਸ ਦਾ ਕੀੜਾ ਸਿੱਟਿਆਂ ਨੂੰ ਖੋਖਲਾ ਵੀ ਕਰ ਦਿੰਦਾ ਹੈ।

ਮਾਨਸਾ ਦੇ ਜ਼ਿਲ੍ਹਾ ਮੁੱਖ ਖੇਤੀਬਾੜੀ ਅਫਸਰ ਡਾ. ਹਰਪ੍ਰੀਤ ਪਾਲ ਕੌਰ ਨੇ ਮੰਨਿਆ ਕਿ ਕੁਝ ਸਮਾਂ ਪਹਿਲਾਂ ਚੀਨੀ ਵਾਇਰਸ ਦਾ ਹਮਲਾ ਸਾਹਮਣੇ ਆਇਆ ਸੀ ਅਤੇ ਇਸ ਦੇ ਬਚਾਅ ਲਈ ਇਲਾਕੇ ਵਿੱਚ ਇੱਕ ਮੁਹਿੰਮ ਚਲਾਈ ਗਈ ਸੀ। ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਇਸ ਵੇਲੇ ਇੱਕਾ-ਦੁੱਕਾ ਥਾਵਾਂ ਨੂੰ ਛੱਡ ਕੇ ਕੋਈ ਵੀ ਖੇਤ ਵਾਇਰਸ ਤੋਂ ਪ੍ਰਭਾਵਿਤ ਨਹੀਂ ਹੈ। ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਇਸ ਵੇਲੇ ਇੱਕਾ-ਦੁੱਕਾ ਥਾਵਾਂ ਨੂੰ ਛੱਡ ਕੇ ਕੋਈ ਵੀ ਖੇਤ ਵਾਇਰਸ ਤੋਂ ਪ੍ਰਭਾਵਿਤ ਨਹੀਂ ਹੈ। ਉਨ੍ਹਾਂ ਕਿਹਾ ਕਿ ਮਹਿਕਮੇ ਦੀਆਂ ਟੀਮਾਂ ਵੱਲੋਂ ਖੇਤਾਂ ਦਾ ਲਗਾਤਾਰ ਨਿਰੀਖਣ ਕੀਤਾ ਜਾ ਰਿਹਾ ਹੈ। ਇਸ ਦੌਰਾਨ ਪੰਜਾਬ ਕਿਸਾਨ ਯੂਨੀਅਨ ਦੇ ਸੂਬਾਈ ਸੀਨੀਅਰ ਮੀਤ ਪ੍ਰਧਾਨ ਗੋਰਾ ਸਿੰਘ ਭੈਣੀਬਾਘਾ ਨੇ ਕਿਹਾ ਕਿ ਝੋਨੇ ਦੇ ਖੇਤਾਂ ਵਿੱਚ ਕਾਲਾ ਤੇਲਾ, ਹਲਦੀ ਰੋਗ ਅਤੇ ਬੌਣੇ ਵਾਇਰਸ ਕਾਰਨ ਲਗਾਤਾਰ ਸਪਰੇਆਂ ਕੀਤੀਆਂ ਜਾ ਰਹੀਆਂ ਹਨ, ਪਰ ਨਿਸਰਨ 'ਤੇ ਆਏ ਝੋਨੇ ਉਪਰ ਉਨ੍ਹਾਂ ਦਾ ਕੋਈ ਅਸਰ ਨਹੀਂ ਹੋ ਰਿਹਾ ਹੈ।